ੴ

ਮਾਸਕ ਪੱਤਰ

# ਸੂਰਾ

ਅੰਮ੍ਰਿਤਸਰ

ਵੱਡੇ ਘਲੂਘਾਰੇ ਦਾ ਇਕ ਦ੍ਰਿਸ਼

JAN 1930

ਜਨਵਰੀ ੧੯੩੦



ਜੋ ੫ ਫਰਵਰੀ ੧੭੬੨ ਨੂੰ ਕੁਪ-ਰਹੀੜਾ ਦੇ ਮੁਕਾਮ ਤੇ ਵਾਪਰਿਆ।
ਇਸ ਧਰਮ-ਯੁਧ ਵਿਚ ਤੀਹ ਹਜ਼ਾਰ ਖਾਲਸਾ ਇਕੋ ਦਿਨ ਸ਼ਹੀਦ ਹੋਇਆ।

www.AKJ.Org

ਡੀ. ਪੀ. ਆਈ ਪੰਜਾਬ ਵਲੋਂ ਚਿਠੀ ਨੰਬਰ ੧/੭੦-੬੮-੨੧ ਮਿਤੀ (੧੭-੧੦-੬੮ ਅ. ਪ. ਅਨੁਸਾਰ)
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ ।

# ਤ ਤ ਕ ਰਾ


| | | |
|---|---|---|
| ਆਇਓ ਸੁਨਨ ਪੜਨ ਕਉ ਬਾਣੀ (ਵਿਆਖਿਆ) | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | ੩ |
| ਕਲਗੀਧਰ ਜੀ ਦੇ ਪਰਤੱਖ ਦਰਸ਼ਨ (ਕਵਿਤਾ) | ,, ,, ,, | ੪ |
| ਮਾਇਆ ਕੀ ਹੈ ? | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ | ੫ |
| ਪਾਠ-ਬੋਧ ਸਮਾਗਮ ਦੀ ਬਹੁ-ਮੁੱਲੀ ਦੇਣ | ਸੁਕੈਡਰਨ ਲੀਡਰ ਭਾਈ ਰਾਮ ਸਿੰਘ ਜੀ | ੧੧ |
| 'ਵਾਹਿਗੁਰੂ' ਗੁਰ-ਮੰਤਰ ਬਾਰੇ ਟਪਲੇ | 'ਸੂਰਾ' ਪਰਵਾਰ | ੧੩ |
| ਗਿ: ਲਾਲ ਸਿੰਘ ਦੀਆਂ ਕਜ-ਫ਼ਹਿਮੀਆਂ ਅਤੇ ਗਲਤ ਬਿਆਨੀਆਂ | ਭਾ: ਸਾ:ਭਾਈ ਰਣਧੀਰ ਸਿੰਘ ਜੀ | ੧੪ |
| ਅਕਲਾਂ ਵਾਲੇ ਲੋਕਾਂ ਅਗੇ (ਕਵਿਤਾ) | ਸ: ਸਾਧੂ ਸਿੰਘ ਜੀ ਸੂਫੀ | ੧੮ |
| ਪੂਜਾ ਦਾ ਧਾਨ | ਸਰਦਾਰ ਜੇ. ਪੀ. ਸਿੰਘ ਬੰਬੇ | ੧੯ |
| ਮਾਤਾ ਗੁਜਰੀ ਜੀ | ਸ: ਵਰਿਆਮ ਸਿੰਘ ਜੀ | ੨੧ |
| ਕਿਰਤੀ ਦੀ ਪੁਕਾਰ (ਕਵਿਤਾ) | ਸ: ਦੇਵਾ ਸਿੰਘ ਜੀ ਕਿਰਤੀ | ੨੪ |
| ਪ੍ਰੇਮ-ਯਾਦਾਂ | ਡਾਕਟਰ ਪਰਗਟ ਸਿੰਘ ਜੀ | ੨੫ |
| ਗੁਰ ਮੂਰਤਿ ਗੁਰ ਸਬਦੁ ਹੈ | ਪ੍ਰੋ: ਸਾਹਿਬ ਸਿੰਘ ਜੀ | ੨੮ |
| ਧਰਮ ਕੀ ਗਤਿ ਰਹੀ | ਭਾਈ ਜੋਗਿੰਦਰ ਸਿੰਘ ਜੀ | ੩੩ |
| ਅਬਦਾਲੀ, ਸਿਖ ਤੇ ਵਡਾ ਘਲੂ ਘਾਰਾ (੧੭) | ਕੈਪਟਨ ਸਵਰਨ ਸਿੰਘ ਜੀ | ੩੬ |


***ਸ੍ਰੀ ਗੁਰੂ ਹਰਿ ਰਾਇ ਸਾਹਿਬ ਅਵਤਾਰ ਧਾਰਿਆ ੨੯ ਜਨਵਰੀ***

## ਹੋਇਆ ਜੱਗ ਵਿਚ ਨਾ ਕੋਈ ਸਾਨੀ ਦਸਮੇਸ਼ ਹੈ

(ਸ: ਜੈਮਲ ਸਿੰਘ 'ਹਮਦਰਦ', ਇੰਦੌਰ-2)

ਕੇਤੇ ਬ੍ਰਹਮਾ, ਸ਼ਿਵ ਕੇਤੇ, ਵਿਸ਼ਨੂੰ ਦੇਵ ਮੁਨਿ ਕੇਤੇ, ਸਨਕ ਸਨੰਦ ਕੇਤੇ, ਦੇਖੇ ਭੂਪੇਸ਼ ਹੈਂ ।
ਕੇਤੇ ਰਾਮ, ਕ੍ਰਿਸ਼ਨ ਕੇਤੇ, ਮੁਹੰਮਦ ਮਸੀਹ ਕੇਤੇ, ਗੋਰਖ, ਮਛੰਦਰ, ਗੋਪੀ, ਭਰਥਰੀ ਨਰੇਸ਼ ਹੈਂ ।
ਰਵਿ ਕੇਤੇ, ਸਸਿ ਕੇਤੇ, ਗਨੇਸ਼ ਸਰਸ੍ਵਤੀ ਕੇਤੇ, ਦੁਰਗਾ, ਮਹਿਖਾਸੁਰ ਕੇਤੇ, ਸੁਰੇਸ਼ ਕਮਲੇਸ਼ ਹੈਂ ।
ਗਣ ਗੰਧਰਵ ਕੇਤੇ,ਇੰਦਰ ਤੇ ਫੁਨਿੰਦਰ ਕੇਤੇ, ਹੋਇਆ ਜਗ ਵਿਚ ਨਾ ਕੋਈ ਸਾਨੀ ਦਸਮੇਸ਼ ਹੈ ॥੧॥
ਕੇਤੇ ਸਾਰਸੁਤ ਕੇਤੇ, ਵੇਦ ਵਿਆਸ ਪੁਤ ਕੇਤੇ, ਕੇਤੇ ਕਾਮਧੇਨੁ ਕੇਤੇ ਕਲਪਤਰੁ ਧਨੇਸ਼ ਹੈਂ ।
ਕੇਤੇ ਨਰੁ ਨਾਰ ਕੇਤੇ, ਰੰਕ ਸ਼ਹਿਨਸ਼ਾਹ ਕੇਤੇ, ਅੰਸਾ ਅਵਤਾਰ ਕੇਤੇ, ਬਲ ਨ੍ਰਿਪ ਧਰੇਸ਼ ਹੈਂ ।
ਮੋਨਦੀ ਮਦਾਰ ਕੇਤੇ ਅਸ਼ਵਨੀ ਕੁਮਾਰ ਕੇਤੇ, ਰਾਮ ਤੇ ਰਹੀਮ ਕੇਤੇ, ਫ਼ਨੇਸ਼ ਦਰਵੇਸ਼ ਹੈਂ ।
ਡਿਠਾ ਵਿਸ਼ਵ ਫੋਲ ਇਤਿਹਾਸ'ਹਮਦਰਦ'ਸਾਰਾ,ਹੋਇਆ ਜਗ ਵਿਚ ਨਾ ਕੋਈ ਸਾਨੀ ਦਸਮੇਸ਼ ਹੈ ।੨।

ਹੇਮਕੁੰਡ ਪ੍ਰਿੰਟਿੰਗ ਪ੍ਰੈਸ ਬਜ਼ਾਰ ਨੰ.੬, ਕੋਟ ਬਾਬਾ ਦੀਪ ਸਿੰਘ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ ਅੰਮ੍ਰਿਤਸਰ ਤੋਂ ੧.੧.੮੦ ਨੂੰ ਪ੍ਰਕਾਸ਼ਤ ਕੀਤਾ ।
ਟੈਲੀਫੋਨ ਨੰਬਰ : 5 1 8 4 7

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥




ਸ੍ਰੀ ਅੰਮ੍ਰਿਤਸਰ


ਸਲਾਨਾ ਚੰਦਾ ੧੦ ੦੦
ਇਕ ਪਰਚਾ ੧-੦੦

ਪਰਦੇਸ

ਸਮੁੰਦਰੀ ਡਾਕ ੧੮-੫੦

ਹਵਾਈ ਡਾਕ

ਅਰਬ, ਮਲਾਇਆ ੩੫-੦੦
ਯੂ. ਕੇ, ਅਫ਼ਰੀਕਾ ੫੦-੦੦
ਕੈਨੇਡਾ, ਅਮਰੀਕਾ ੫੫-੦੦



ਸੰਪਾਦਕੀ ਬੋਰਡ
ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰਿੰ: ਗੁਰਮੁਖ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ



ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੪ ਜਨਵਰੀ ੧੯੮੦ ਅੰਕ ੧


# ਆਇਓ ਸੁਨਨ ਪੜਨ ਕਉ ਬਾਣੀ

[ਵਿਆਖਿਆਕਾਰ—ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਸਾਰਗ ਮਹਲਾ ੫ [ਪੰਨਾ ੧੨੧੯]

ਆਇਓ ਸੁਨਨ ਪੜਨ ਕਉ ਬਾਣੀ ॥
ਨਾਮੁ ਵਿਸਾਰਿ ਲਗਹਿ ਅਨ ਲਾਲਚਿ ਬਿਰਥਾ ਜਨਮੁ ਪਰਾਣੀ ॥੧॥ਰਹਾਉ॥
ਸਮਝੁ ਅਚੇਤ ਚੇਤਿ ਮਨ ਮੇਰੇ ਕਥੀ ਸੰਤਨ ਅਕਥ ਕਹਾਣੀ ॥
ਲਾਭੁ ਲੈਹੁ ਹਰਿ ਰਿਦੈ ਅਰਾਧਹੁ ਛੁਟਕੈ ਆਵਣ ਜਾਣੀ ॥੧॥
ਉਦਮੁ ਸਕਤਿ ਸਿਆਣਪ ਤੁਮ੍ਹਰੀ ਦੇਹਿ ਤ ਨਾਮੁ ਵਖਾਣੀ ॥
ਸੇਈ ਭਗਤ ਭਗਤਿ ਸੇ ਲਾਗੇ ਨਾਨਕ ਜੋ ਪ੍ਰਭ ਭਾਣੀ ॥੨॥੫੬॥੭੯॥

*ਵਿਆਖਿਆ*–

ਮਨੁਖਾ ਜਨਮ ਗੁਰਬਾਣੀ ਦੇ ਪੜ੍ਹਨ ਸੁਣਨ ਲਈ ਹੀ ਮਿਲਿਆ ਹੈ। ਤਦੇ ਸਕਾਰਥਾ ਹੈ ਜੇ ਗੁਰਬਾਣੀ ਨੂੰ ਸੁਣਦਾ ਪੜ੍ਹਦਾ ਹੀ ਰਹੇ ਤੇ ਗੁਰਬਾਣੀ ਦੇ ਪੜ੍ਹਨ ਸੁਣਨ ਮਈ ਹਰਿ-ਕਥਾ ਸਦਾ ਕਰਦਾ ਸੁਣਦਾ




www.AKJ.Org

ਹੀ ਰਹੇ। ਬਾਣੀ ਏਥੇ ਸਪੱਸ਼ਟ ਨਾਮ ਰੂਪੀ ਹੀ ਕਰਕੇ ਵਰਨਨ ਕੀਤੀ ਗਈ ਹੈ—

"ਆਇਓ ਸੁਨਨ ਪੜਨ ਕਉ ਬਾਣੀ"

ਤੇ ਨਾਲ ਹੀ—

"ਨਾਮੁ ਵਿਸਾਰਿ ਲਗਹਿ ਆਨ ਲਾਲਚਿ ਬਿਰਥਾ ਜਨਮੁ ਪਰਾਣੀ ॥"

ਭਾਵ, ਬਾਣੀ ਰੂਪ ਨਾਮ ਨੂੰ ਵਿਸਾਰ ਕੇ ਹੋਰ ਲਾਲਚਾਂ ਵਿਚਿ ਲਗਣਾ ਬਿਰਥਾ ਜਨਮ ਕਹਾਉਂਦਾ ਹੈ। ਹੇ ਪ੍ਰਾਣੀ! ਮਨੁਖਾ ਜਨਮ ਇਉਂ ਬਿਰਥਾ ਜਾਂਦਾ ਹੈ।

ਹੇ ਮੇਰੇ ਅਚੇਤ ਮਨ! ਵਾਹਿਗੁਰੂ ਦਾ ਨਾਮ ਕਦੇ ਨਾ ਚੇਤਣ ਵਾਲੇ ਮੂਰਖ ਮਨ! ਸਦਾ ਹੀ ਚੇਤਦਾ ਰਹੁ। ਵਾਹਿਗੁਰੂ ਨਾਮ ਦੇ ਕਥਨ ਸੁਣਨ ਵਿਚ ਸਾਵਧਾਨ ਤੇ ਚੇਤੰਨ ਰਹੋ। ਸਿਫਤ ਸਾਲਾਹ ਭਰੀ ਬਾਣੀ ਗੁਰਬਾਣੀ ਹੀ ਸਦਾ ਕਥਾ ਸੁਣੀ ਜਾ। ਗੁਰੂ ਸਾਹਿਬਾਨ ਨੇ ਇਹ ਗੁਰਬਾਣੀ ਰੂਪ ਅਕੱਥ ਕਹਾਣੀ ਹੀ ਕਥੀ ਹੈ। ਵਾਹਿਗੁਰੂ ਨੂੰ ਹਿਰਦੇ ਵਿਚ ਅਰਾਧਣਾ ਅਤੇ ਸੁਆਸਿ ਸੁਆਸਿ ਅਰਾਧੀ ਜਾਣਾ ਹੀ ਮਨੁਖਾ ਜਨਮ ਦਾ ਸੱਚਾ ਲਾਭ ਲਾਹਾ ਲੈਣਾ ਹੈ। ਇਸ ਪ੍ਰਕਾਰ ਨਾਮ ਅਰਾਧਣ ਕਰ ਕੇ, ਗੁਰਮਤਿ ਨਾਮ ਨੂੰ ਅਕੱਥਤਾ ਵਿਚਿ ਕਥੀ ਜਾਣ ਕਰਕੇ ਆਵਣ ਜਾਣੀ ਖੇਡ ਸਭ ਛੁਟਕ ਜਾਂਦੀ ਹੈ।

ਹੇ ਸੱਚੇ ਪਾਤਸ਼ਾਹ! ਇਹ ਸੱਚਾ ਉੱਦਮ ਤੂੰ ਹੀ ਬਖਸ਼, ਇਹ ਸਭ ਸੱਚੀ ਮੁਕਤੀ ਤੂੰ ਹੀ ਪਰਦਾਨ ਕਰ। ਇਹ ਸੱਚੀ ਹਰਦਮੀ ਸਿਆਣਪ ਤੂੰ ਹੀ ਮਨ ਵਿਚ ਲਿਆ। ਜਿਸ ਕਰਕੇ ਹਰਦਮ ਤੇਰੀ ਨਾਮ ਰੂਪੀ ਹਰਿ-ਕਥਾ ਹੀ ਵਖਾਣਦਾਂ ਰਹਾਂ।

ਗੁਰੂ ਨਾਨਕ ਸਾਹਿਬ ਜੀ ਫ਼ੁਰਮਾਉਂਦੇ ਹਨ ਕਿ ਸੇਈ ਅਸਲ ਭਗਤ ਹਨ ਜੋ ਉਪਰ ਦਸੀ ਸੱਚੀ ਭਗਤੀ ਵਿਚਿ ਲਗ ਜਾਂਦੇ ਹਨ (ਜਾਂ ਲੱਗ ਜਾਣਗੇ)। ਜਿਨ੍ਹਾਂ ਉਪਰ ਵਾਹਿਗੁਰੂ ਦੀ ਸੱਚੀ ਨਦਰ ਮੇਹਰ ਹੈ ਓਹੀ ਭਗਤ ਜਨ ਵਾਹਿਗੁਰੂ ਨੂੰ ਭਾਉਂਦੇ ਹਨ।

[ਪੁਸਤਕ "ਕਥਾ ਕੀਰਤਨ" ਵਿਚੋਂ

---

# ਕਲਗੀਧਰ ਜੀ ਦੇ ਪਰਤੱਖ ਦਰਸ਼ਨ

[ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਕਿੰਗਰੀ ਬਜਾਇ ਜੋਤਿ-ਦੀਪਕ ਜਗਾਇ ਰਸ, ਪਿਰਮ ਰਸਾਇ *ਤੇਲ ਤੱਤੁ ਨਿਰਵਾਰ ਦੇ।
ਪ੍ਰੇਮ ਤੱਤ ਰਤਿ ਰੱਤੀ ਨਾਮ ਦੀ ਜੁਗਤਿ ਬੱਤੀ, ਡਾਰ ਕੇ ਮਝਾਰ ਜੋਤਿ ਬਿਮਲ ਜਗਾਰ ਦੇ।
ਪਿਰਮ ਰਹਸ ਪਾਇ ਦੇਹੁਰੀ ਦੀਵਟ ਵਿਚਿ, ਦੀਪਕ ਜਗਾਇ ਕੈ ਭਵਨ ਉਜਿਆਰਦੇ।
ਬਿਸ਼ਮੁ ਉਦੋਤਿ ਜੋਤਿ ਰਸਕ ਪੁਜਾਰੀ ਹੋਇ, ਪੂਜਿ ਪੂਜਿ ਤੋਹਿ ਤੇਰੀ ਆਰਤੀ ਉਤਾਰਦੇ।੧੧।

ਜਾਗਤ ਜੋਤੀਸ਼ ਰੂਪ ਤੇਰਾ ਪਰਤੱਖ ਕਰਿ, ਨਭ ਘੱਟ ਮਧਿ ਤੁਧ ਪ੍ਰਗਟ ਨਿਹਾਰੀਏ।
†ਕੁਰਸ਼ ਅਰਸ਼ ਛਿਤ‡ ਫ਼ਰਸ਼ ਬਿਰਾਜਮਾਨ, ਪੇਖਿ ਪੇਖਿ ਸੁੰਦਰ ਸਰੂਪ ਨਮਸਕਾਰੀਏ।
ਮੰਦ ਮੰਦ ਸੁਖ ਕੰਦ ਮੁਖ ਮੁਸਕਾਇ ਤੇਰਾ, ਰੀਝਿ ਰੀਝਿ ਤੰਨ ਮੰਨ ਘੁੰਮਿ ਘੁੰਮਿ ਵਾਰੀਏ।
ਪੂਜਿ ਪੂਜਿ ਤੇਰੀ ਦਿੱਬ-ਜੋਤਿ-ਰੰਗ ਮੂਰਤੀ ਨੂੰ, ਭਾਵਨੀ ਸਹਿਤ ਤੇਰੀ ਆਰਤੀ ਉਤਾਰੀਏ।੧੨।

[ਪੁਸਤਕ 'ਦਰਸ਼ਨ ਝਲਕਾਂ' ਵਿਚੋਂ

* ਤੱਤ ਪਦਾਰਥ ਦਾ ਨਿਰਣਾ ਰੂਪ ਤੇਲ ਪਾ ਕੇ। † ਅਕਾਸ਼ ਦੀ ਟਿੱਕੀ, ਸੂਰਜ ਨੂਰ ਅਰਸਾਂ ਕੁਰਸਾਂ ਵਿਚ। ‡ ਧਰਤੀ।



www.AKJ.Org

# ਮਾਇਆ ਕੀ ਹੈ ?

[ਵਲੋਂ—ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

ਮਾਇਆ ਕਰਿ ਮੂਲੁ ਜੰਤ੍ਰ ਭਰਮਾਏ ॥
ਹਰਿ ਜੀਉ ਵਿਸਰਿਆ ਦੂਜੈ ਭਾਇ ॥
ਜਿਸੁ ਨਦਰਿ ਕਰੇ
ਸੋ ਪਰਮ ਗਤਿ ਪਾਇ ॥੪॥(੮॥੬)
[ਗਉੜੀ ਮ: ੩, ਪੰਨਾ ੨੩੨

ਸੰਸਾਰ ਰਚਨਾ ਦੇ ਦੋ ਪ੍ਰਧਾਨ ਤੱਥ ਹਨ, **'ਬ੍ਰਹਮ'** ਅਤੇ **'ਮਾਇਆ'** । ਇਹਨਾਂ ਵਿਚੋਂ ਬ੍ਰਹਮ ਕਰਤਾ (Creator) ਹੈ ਅਤੇ ਮਾਇਆ ਕ੍ਰਿਤ (Creation) । ਗੁਰਬਾਣੀ ਦਾ ਸਿਧਾਂਤ ਹੈ :—

ਇਹ ਸ੍ਰਪਨੀ ਤਾ ਕੀ ਕੀਤੀ ਹੋਈ ॥
ਬਲੁ ਅਬਲੁ ਕਿਆ ਇਸ ਤੇ ਹੋਈ ॥੪॥
੬॥੧੯॥ [ਆਸਾ ਇਕਤੁਕੇ, ਪੰ: ੪੮੦

ਸੋ ਇਹ ਦ੍ਰਿਸ਼ਟਮਾਨ-ਸੰਸਾਰ ਅਦ੍ਰਿਸ਼ਟ ਬ੍ਰਹਮ ਦੀ ਵਚਿਤਰ ਖੇਡ ਹੈ, ਬਾਜ਼ੀ ਹੈ, ਲੀਲ੍ਹਾ ਹੈ । ਬ੍ਰਹਮ ਸੁਤੇ ਪ੍ਰਕਾਸ਼ ਹੋਣ ਕਾਰਨ ਅਨਾਦੀ ਹੈ । ਮਾਇਆ ਦੇ ਆਦਿ ਦਾ ਸਮਾਂ ਵੀ ਭਾਵੇਂ ਨਿਸਚਿਤ ਤੌਰ ਤੇ ਨਹੀਂ ਕਿਹਾ ਜਾ ਸਕਦਾ, ਪਰ ਇਕ ਗੱਲ ਬੜੀ ਸਪੱਸ਼ਟ ਹੈ ਕਿ ਮਾਇਆ ਜਦੋਂ ਵੀ ਸਿਰਜੀ ਗਈ, ਇਹ ਪ੍ਰਭੂ ਦੁਆਰਾ ਹੀ ਹੋਂਦ ਵਿਚ ਆਈ ਤੇ ਇਸ ਦਾ ਆਦਿ ਇਸ ਦੇ ਰਚਨ-ਕਾਲ ਤੋਂ ਹੋਇਆ । ਗੁਰਬਾਣੀ ਦਾ ਫੁਰਮਾਨ ਹੈ :—

ਮਾਇਆ ਕਾ ਰੂਪੁ ਸਭੁ ਤਿਸ ਤੇ ਹੋਇ ॥੩॥
(੪॥੨) ਬਿਲਾਵਲੁ ਮ: ੩, ਪੰਨਾ ੭੯੭

ਬ੍ਰਹਮ ਦਾ ਆਦਿ ਕੋਈ ਨਹੀਂ ਤੇ ਇਸੇ ਲਈ ਉਸ ਦਾ ਅੰਤ ਵੀ ਕੋਈ ਨਹੀਂ, ਉਹ ਤ੍ਰੈਕਾਲ ਸਤਿ ਅਥਵਾ ਅਬਿਨਾਸ਼ੀ ਹੈ, ਪਰ ਮਾਇਆ ਦਾ ਆਦਿ ਹੈ ਅਤੇ ਅੰਤ ਵੀ ਅਵੱਸ਼ ਹੈ । ਮਾਇਆ ਬਿਨਸਣਹਾਰ ਹੈ, ਮਿਥਿਆ ਹੈ ।

**ਪ੍ਰਸ਼ਨ** :—ਮਾਇਆ ਕੀ ਹੈ ?

**ਉੱਤਰ** :—ਮੋਟੀ ਨਜ਼ਰੇ ਦ੍ਰਿਸ਼ਟਮਾਨ ਸਾਰਾ ਮਾਦੀ ਸੰਸਾਰ, ਇਸ ਦੇ ਸਾਰੇ ਜੀਵ ਜੰਤੂ, ਇਸ ਦੇ ਸਾਰੇ ਪਦਾਰਥ, ਇਸ ਦਾ ਸਾਰਾ ਐਸ਼ਵਰਜ ਮਾਇਆ ਦੇ ਘੇਰੇ ਵਿਚ ਆ ਜਾਂਦਾ ਹੈ । ਮਾਂ, ਬਾਪ, ਇਸਤ੍ਰੀ, ਪੁੱਤਰ, ਧੀਆਂ, ਧਨ ਦੌਲਤ, ਮਹਿਲ ਮਾੜੀਆਂ, ਹਾਥੀ ਘੋੜੇ, ਰਾਜ ਭਾਗ ਆਦਿ, ਇਹ ਸਭ ਕੁਝ ਮਾਇਆ ਹੀ ਹੈ । ਪਰ ਗੁਰਮਤਿ ਦੇ ਦ੍ਰਿਸ਼ਟੀ-ਕੋਣ ਅਨੁਸਾਰ ਮਾਇਆ ਦੀ ਵਿਆਖਿਆ ਵਿਲੱਖਣ ਹੈ ।

**ਪ੍ਰਸ਼ਨ** :—ਗੁਰਮਤਿ ਅਨੁਸਾਰ ਮਾਇਆ ਦਾ ਲੱਛਣ ਕੀ ਹੈ ?

**ਉੱਤਰ** :—ਮਾਇਆ ਕਿਸ ਨੋ ਆਖੀਐ,
ਕਿਆ ਮਾਇਆ ਕਰਮ ਕਮਾਇ ॥
ਦੁਖਿ ਸੁਖਿ ਏਹੁ ਜੀਉ ਬਧੁ ਹੈ,
ਹਉਮੈ ਕਰਮ ਕਮਾਇ ॥੬॥੪॥੨੧॥
[ਸਿਰੀ ਰਾਗੁ ਮ: ੩ ਅਸਟ, ਪੰਨਾ ੬੭
ਏਹ ਮਾਇਆ, ਜਿਤੁ ਹਰਿ ਵਿਸਰੈ
ਮੋਹੁ ਉਪਜੈ ਭਾਉ ਦੂਜਾ ਲਾਇਆ ॥੨੮॥
[ਰਾਮਕਲੀ ਮ: ੩ ਅਨੰਦੁ, ਪੰਨਾ ੯੨੧

**ਵਿਚਾਰ** :—

ਸੰਸਾਰ ਦੀ ਰਚਨਾ ਕਰਤਾ ਪੁਰਖ ਨੇ ਸ੍ਵੈ-ਇੱਛਾ ਅਨੁਸਾਰ ਕੀਤੀ ਹੈ । 'ਇਸ ਤੇ ਹੋਇ ਸੁ ਨਾਹੀ ਬੁਰਾ'* ਗੁਰਵਾਕ ਅਨੁਸਾਰ ਸੰਸਾਰ ਦਾ ਸਭ ਕੁਝ, ਮਾਂ ਬਾਪ, ਇਸਤ੍ਰੀ, ਪੁਤਰ ਧੀਆਂ, ਧਨ ਦੌਲਤ, ਮਹਿਲ ਮਾੜੀਆਂ, ਹਾਥੀ ਘੋੜੇ, ਰਾਜ ਭਾਗ, ਸਾਰਾ ਐਸ਼ਵਰਜ, ਭਲਾ ਹੈ, ਲਾਭਦਾਇਕ ਅਤੇ ਸੁਖਦਾਈ ਹੈ । ਇਸ ਸਭ ਕਾਸੇ ਦੀ ਰਚਨਾ ਧਰਤੀ ਦੇ ਸਿਕਦਾਰ ਮਨੁੱਖ

* ਸੁਖਮਨੀ ਸਾਹਿਬ, (੭॥੨੪) ਪੰਨਾ ੨੯੪



www.AKJ.Org

ਅਤੇ ਹੋਰ ਬਾਕੀ ਜੀਵ ਜੰਤੂਆਂ ਦੇ ਸੁਖ ਅਰਾਮ ਲਈ ਕੀਤੀ ਗਈ ਹੈ। ਮਾਇਆ ਪ੍ਰਭੂ ਦੀ ਦਾਸੀ ਹੈ ਅਤੇ ਪ੍ਰਭੂ ਦੇ ਪ੍ਰਾਹੁਣ-ਘਰ (ਸੰਸਾਰ) ਵਿਚ ਪ੍ਰਭੂ ਦੇ ਜੀਵ-ਪੁਤਰਾਂ ਦੀ ਸੇਵਾ ਕਰਨ ਲਈ ਹੀ ਇਸ ਦੀ ਸਿਰਜਨਾ ਕੀਤੀ ਹੋਈ ਹੈ । ਮਾਇਆ ਦਾ ਪ੍ਰਯੋਗ ਕਰਨਾ ਪ੍ਰਭੂ-ਭਾਣੇ ਅੰਦਰ ਕੁਦਰਤੀ ਨਿਯਮ ਹੈ ।

ਗੁਰਮਤਿ ਦਾ ਦਰਸਾਇਆ ਜੀਵਨ-ਮਾਰਗ, ਪਰਵਿਰਤੀ ਦਾ ਮਾਰਗ ਹੈ, ਨਿਰਵਿਰਤੀ ਦਾ ਨਹੀਂ । ਪਰ ਗੁਰਮਤਿ ਦ੍ਰਿੜ੍ਹਾਈ ਨਿਰਮਲ ਜੁਗਤੀ ਹੈ 'ਪਰਵਿਰਤੀ ਵਿਚ ਨਿਰਵਿਰਤੀ ਧਾਰਨ ਕਰਨੀ ।'' ਨਿਰਵਿਰਤੀ ਦੇ ਦ੍ਰਿਸ਼ਟੀ-ਕੋਣ ਦੁਆਰਾ ਜਗਤ-ਖੇਡ ਬੇਸੁਆਦੀ ਤੇ ਅਰਥ-ਹੀਣ ਹੋ ਜਾਂਦੀ ਹੈ, ਜੀਵਨ ਰੁਖਾ ਤੇ ਬੇਸੁਆਦਾ ਹੋ ਜਾਂਦਾ ਹੈ। ਨਿਰਵਿਰਤੀ ਦੀ ਬਿਰਤੀ ਅਧੀਨ ਕਈ ਮਨੁਖ ਸੰਸਾਰ ਤਿਆਗ ਕੇ ਜੰਗਲਾਂ ਨੂੰ ਭੱਜ ਗਏ। ਮਾਇਆਵੀ ਪਦਾਰਥਾਂ ਨੂੰ ਸਰੀਰ ਕਰਕੇ ਤਾਂ ਛਡ ਗਏ ਪਰ ਇਨ੍ਹਾਂ ਦੀ ਭੁੱਖ ਮਨ ਵਿਚੋਂ ਨਾ ਗਈ, ਮਨ ਪਦਾਰਥਾਂ ਦਾ ਭੁੱਖਾ ਰਿਹਾ ਤੇ ਦੁਖੀ ਹੋਇਆ । ਅਜਿਹੇ ਨਿਰਵਿਰਤੀ ਮਾਰਗ ਦੇ ਧਾਰਨੀਆਂ ਦਾ ਮਨ ਭਟਕਦਾ ਰਿਹਾ :—

ਇਕ ਫਿਰਹਿ ਉਦਾਸੀ
ਤਿਨ ਕਾਮਿ ਵਿਆਪੈ...॥੨॥
ਤਪੁ ਕਰਤੇ ਤਪਸੀ ਭੂਲਾਏ ॥
ਪੰਡਿਤ ਮੋਹੇ ਲੋਭਿ ਸਬਾਏ...॥੩॥(੪॥੧)
[ਆਸਾ ਮ: ੫, ਪੰਨਾ ੩੭੦

ਸੋ ਨਿਰੀ ਨਿਰਵਿਰਤੀ ਦਾ ਮਾਰਗ ਮਨੁੱਖੀ ਜੀਵਨ ਦਾ ਰਾਹ ਨਹੀਂ ਹੈ ।

ਦੂਜੇ ਪਾਸੇ ਪਰਵਿਰਤੀ ਮਾਰਗ ਉਤੇ ਚਲ ਕੇ ਕਈ ਪੁਰਸ਼ ਮਾਇਕ ਪਦਾਰਥਾਂ ਦੇ ਭੋਗਾਂ ਵਿਚ ਖੱਚਤ ਹੋ ਗਏ। ਉਹਨਾਂ ਨੇ ਖਾਣ ਪੀਣ ਤੇ ਭੋਗ ਭੋਗਣ ਨੂੰ ਜੀਵਨ ਦਾ ਨਿਸ਼ਾਨਾ ਬਣਾ ਲਿਆ ਤੇ ਸੁਆਦਾਂ ਵਿਚ ਏਨੇ ਖੱਚਤ ਹੋਏ ਕਿ ਉਹਨਾਂ ਨੂੰ ਸੁਆਦਲੇ ਪਦਾਰਥ ਵੀ ਬੇਸੁਆਦੇ ਲਗਣ ਲਗ ਪਏ । ਭੋਗ ਤੇ ਰੋਗ ਦਾ ਗੂੜ੍ਹਾ ਸੰਬੰਧ ਹੈ। ਚਸਕਿਆਂ-ਅਧੀਨ ਭੋਗ ਭੋਗਦਿਆਂ ਸਰੀਰ ਰੋਗੀ ਹੋ ਗਿਆ, ਜੀਵਨ ਬੇ-ਸੁਆਦਾ ਤੇ ਦੁਖੀ ਹੋ ਗਿਆ—

ਬਹੁ ਸਾਦਹੁ ਦੂਖੁ ਪਰਾਪਤਿ ਹੋਵੈ ॥
ਭੋਗਹੁ ਰੋਗ ਸੁ ਅੰਤਿ ਵਿਗੋਵੈ ॥੭॥
[ਮਾਰੂ ਸੋਲਹੇ ਮ: ੧, ਪੰਨਾ੧੦੩੪
ਭੋਗੀ ਕਉ ਦੁਖੁ ਰੋਗ ਵਿਆਪੈ ॥੮॥੪॥
[ਬਸੰਤ ਮ: ੧ ਅਸਟ, ਪੰਨਾ ੧੧੮੯

ਗਿਆਨਵਾਨ ਪੁਰਸ਼ ਮਾਇਆ ਨੂੰ ਪ੍ਰਭੂ ਦੀ ਦਾਤਿ ਜਾਣ ਕੇ ਸੰਜਮ ਨਾਲ ਵਰਤਦੇ ਤੇ ਅਨੰਦ ਲੈਂਦੇ ਹਨ, ਪਰ ਇਸ ਵਿਚ ਖੱਚਤ ਨਹੀਂ ਹੁੰਦੇ। ਉਹਨਾਂ ਦੀ ਰਹਿਣੀ ਕਮਲ ਵਾਂਗ ਹੁੰਦੀ ਹੈ, ਜੋ ਚਿਕੜ ਵਿਚ ਰਹਿੰਦਾ ਹੋਇਆ ਚਿਕੜ ਤੋਂ ਨਿਰਲੇਪ ਰਹਿੰਦਾ ਹੈ । ਉਹ ਦਾਤਾਂ ਦਾ ਸੁਖ ਮਾਣਦੇ ਹੋਏ ਇਹਨਾਂ ਦੇ ਦੇਣ ਵਾਲੇ ਦਾਤਾਰ-ਪ੍ਰਭੂ ਦੇ ਸ਼ੁਕਰਾਨੇ ਵਿਚ ਰਹਿੰਦੇ ਹਨ ਅਤੇ ਅੰਤਰ-ਆਤਮੇ ਉਸ ਵਿਚ ਲਿਵ-ਲੀਨ ਹੋਏ ਰਹਿੰਦੇ ਹਨ। ਉਹਨਾਂ ਦਾ ਖਾਣਾ, ਪੀਣਾ, ਪਹਿਨਣਾ, ਉਹਨਾਂ ਦੇ ਘਰ, ਮੰਦਰ, ਮਹਿਲ, ਘੋੜੇ, ਹਾਥੀ, ਰਥ, ਸਾਰੇ ਸਫ਼ਲ ਤੇ ਪਵਿਤਰ ਹੁੰਦੇ ਹਨ । ਭਾਈ ਨੰਦ ਲਾਲ ਜੀ ਦਾ ਕਥਨ ਹੈ :—

''ਆਰਫ਼ਾਂ ਰਾ ਦੌਲਤੇ ਖ਼ੁਸ਼ਰੂ ਨੁਮਾਸਤ ॥''

ਭਾਵ—ਪ੍ਰਭੂ-ਪ੍ਰੇਮੀਆਂ ਲਈ ਮਾਇਆ ਸੁਖਦਾਈ ਹੁੰਦੀ ਹੈ ।

ਗੁਰਬਾਣੀ ਦੀਆਂ ਉਪ੍ਰੋਕਤ ਪੰਗਤੀਆਂ ਦੇ ਅਧਾਰ ਤੇ, ਅਤੇ ਉਪਰ ਕੀਤੀ ਵਿਚਾਰ ਅਨੁਸਾਰ ਮਾਇਆ ਦਾ ਲਛਣ ਇਸ ਪਰਕਾਰ ਹੈ :—

ਦਾਤਾਂ ਦੇ ਦੇਣਹਾਰ ਵਾਹਿਗੁਰੂ ਦੀਆਂ ਦਾਤਾਂ ਦੇ ਮੋਹ ਵਿਚ ਫਸ ਕੇ ਦਾਤੇ-ਪ੍ਰਭੂ ਨੂੰ ਵਿਸਾਰ ਦੇਣਾ ਦੂਜਾ ਭਾਵ ਹੈ। ਮਨ ਵਿਚ ਦੂਜੇ ਭਾਵ ਨੂੰ ਵਸਾਣਾ ਮਾਇਆ ਹੈ ।

**ਪ੍ਰਸ਼ਨ**—ਮਾਇਆ ਦਾ ਰੂਪ ਕੀ ਹੈ ?

**ਉੱਤਰ** :—ਦ੍ਰਿਸ਼ਟਮਾਨ ਸਾਰੇ ਰੂਪ ਮਾਇਆ ਦੇ ਹਨ ।

ਮਾਇਆ ਵਖ ਵਖ ਰੂਪਾਂ ਵਿਚ ਜੀਵਾਂ ਨੂੰ



www.AKJ.Org

ਭਰਮਾਉਂਦੀ ਹੈ । ਕਈਆਂ ਨੂੰ ਸੁੰਦਰਤਾ ਦੁਆਰਾ ਠਗਦੀ ਹੈ, ਕਈਆਂ ਨੂੰ ਚਸਕਿਆਂ ਨਾਲ । ਹਾਥੀ ਲਕੜੀ ਦੀ ਹਥਣੀ ਦੇ ਰੂਪ ਦਾ ਮੋਹਿਆ ਹੋਇਆ ਫੰਧੇ ਵਿਚ ਫਸ ਜਾਂਦਾ ਹੈ । ਬਾਂਦਰ ਮੁੱਠੀ ਭਰ ਛੋਲਿਆਂ ਦੇ ਅਤੇ ਤੋਤਾ ਚੋਗੇ ਦੇ ਲਾਲਚ ਵਿਚ ਫਸਿਆ ਪਰ-ਵਸ ਹੋ ਜਾਂਦਾ ਹੈ ।

ਮਾਇਆ ਦੇ ਸਾਰੇ ਰੂਪਾਂ ਵਿਚ ਸੁੰਦਰਤਾ ਵੀ ਹੈ ਤੇ ਸਵਾਦ ਵੀ, ਕਿਉਂਜੁ ਇਹਨਾਂ ਦੇ ਰਚੇ ਜਾਣ ਦਾ ਮੰਤਵ ਜੀਵਨ ਵਿਚ ਸੁਹਜ-ਸਵਾਦ ਪੈਦਾ ਕਰਨਾ ਹੈ । ਪਰ ਇਹਨਾਂ ਦੀ ਸੋਭਾ ਸਥਾਈ ਤੇ ਸਦੀਵੀ ਨਹੀਂ । ਗੁਰਵਾਕ :—

ਇਸੁ ਜੁਗ ਮਹਿ ਸੋਭਾ ਨਾਮ ਕੀ
ਬਿਨੁ ਨਾਵੈ ਸੋਭ ਨ ਹੋਇ ॥
ਇਹ ਮਾਇਆ ਕੀ ਸੋਭਾ ਚਾਰਿ ਦਿਹਾੜੇ,
ਜਾਂਦੀ ਬਿਲਮੁ ਨ ਹੋਇ ॥੫॥੧੩॥੩੫॥
[ਆਸਾ ਮ: ੩ ਅਸਟ; ਪੰਨਾ ੪੨੯

ਮਾਇਆ ਦੀ ਛਿੰਨ-ਭੰਗਰਤਾ ਲਈ ਗੁਰਬਾਣੀ ਵਿਚ ਹੇਠ ਲਿਖੇ ਅਲੰਕਾਰ ਵਰਤੇ ਹੋਏ ਹਨ :—

**ਮ੍ਰਿਗ-ਤ੍ਰਿਸ਼ਨਾ ਠਗ-ਨੀਰਾ—**

ਮਾਰੂਥਲ ਵਿਚ ਤੇਜ਼ ਧੁਪ ਕਾਰਨ ਰੇਤ ਚਮਕਦੀ ਹੈ ਤੇ ਇਸ ਤੋਂ ਪਾਣੀ ਦਾ ਭ੍ਰਾਉਲਾ ਪੈਂਦਾ ਹੈ । ਤਿਹਾਇਆ ਹਿਰਨ ਇਸ ਵਲ ਦੌੜਦਾ ਹੈ, ਪਰ, ਲਭਦਾ ਕੁਝ ਨਹੀਂ । ਇਹ ਇਕ ਭੁਲੇਖਾ ਹੀ ਹੈ ।

**ਹਰਿ ਚੰਦਉਰੀ ਗੰਧਰਬ ਨਗਰੀ—**

ਧੂੰਏ ਅਤੇ ਬਦਲਾਂ ਦੇ, ਅਕਾਸ਼ ਵਿਚ ਏਧਰ ਓਧਰ ਹੋਣਨਾਲ ਕਈ ਵਾਰੀ ਇਉਂ ਭੁਲੇਖਾ ਪੈਂਦਾ ਹੈ ਜਿਵੇਂ ਅਕਾਸ਼ ਵਿਚ ਮਹਿਲ ਮਾੜੀਆਂ ਬਣੇ ਹੋਏ ਹਨ । ਇਹ ਭੁਲੇਖਾ ਹੀ ਹੈ ।

**ਤ੍ਰਿਣ ਕੀ ਅਗਨ, ਮੇਘ ਕੀ ਛਾਇਆ, ਹੜ ਕਾ ਜਲ—**

ਤੀਲਿਆਂ ਦੀ ਅੱਗ ਇਕੋ ਵਾਰੀ ਭੜਮੱਚਾ ਬਲ ਕੇ ਛੇਤੀ ਹੀ ਬੁਝ ਜਾਂਦੀ ਹੈ । ਬਦਲਾਂ ਦੀ ਛਾਂ ਬਹੁਤੀ ਦੇਰ ਨਹੀਂ ਰਹਿੰਦੀ । ਹੜ ਦਾ ਪਾਣੀ ਆਇਆ ਤੇ ਗਿਆ । ਇਹਨਾਂ ਸਾਰਿਆਂ ਦੀ ਕੋਈ ਪਾਇਆਂ ਨਹੀਂ ਹੁੰਦੀ ।

ਇਹੋ ਕਾਰਨ ਹੈ ਕਿ ਮਾਇਕ ਪਦਾਰਥਾਂ ਦੀ ਪ੍ਰਾਪਤੀ ਨਾਲ ਮਨੁਖ ਦੇ ਮਨ ਦੀ ਤ੍ਰਿਪਤੀ ਨਹੀਂ ਹੁੰਦੀ । ਜਿਉਂ ਜਿਉਂ ਪਦਾਰਥ ਮਿਲਦੇ ਹਨ, ਇਹਨਾਂ ਲਈ ਤ੍ਰਿਸ਼ਨਾ ਹੋਰ ਵਧਦੀ ਜਾਂਦੀ ਹੈ :—

ਇਨ ਸਿਉ ਪ੍ਰੀਤਿ ਕਰੀ ਘਨੇਰੀ ॥
ਜਉ ਮਿਲੀਐ ਤਉ ਵਧੈ ਵਧੇਰੀ ॥੧॥
੩੬॥੮੭॥[ਆਸਾ ਮ: ੫, ਪੰਨਾ ੩੯੨

**ਪ੍ਰਸ਼ਨ**—ਮਾਇਆ ਦਾ ਦੁਖਦਾਈ ਰੂਪ ਕਿਹੜਾ ਹੈ ?

**ਉੱਤਰ** :—ਮਾਦੀ ਪਦਾਰਥਾਂ ਦੇ ਰੂਪ, ਰੰਗ ਤੇ ਸੁਆਦ ਸਭ ਮਾਇਆ ਦੇ ਹੀ ਹਨ । ਇਹ ਸਾਰੇ ਸੁਖਦਾਈ ਵੀ ਹਨ ਤੇ ਦੁਖਦਾਈ ਵੀ । ਮਾਇਆ ਇਕ ਚੰਗੀ ਦਾਸੀ ਹੈ, ਪਰ ਇਕ ਡਾਢੀ ਮਾਲਕਾਣੀ ਵੀ । ਜੇ ਇਸ ਦੀ ਲੋੜੀਂਦੀ ਤੇ ਯੋਗ ਵਰਤੋਂ ਕੀਤੀ ਜਾਵੇ ਤੇ ਇਸ ਨੂੰ ਆਪਣੇ ਕਾਬੂ ਵਿਚ ਰਖਿਆ ਜਾਵੇ ਤਾਂ ਮਾਇਆ ਸੁਖਦਾਈ ਹੈ । ਮਾਇਆ ਦੁਖਦਾਈ ਓਦੋਂ ਹੁੰਦੀ ਹੈ ਜਦੋਂ ਮਨੁਖ ਉਤੇ ਮਾਇਆ ਦੀ ਤ੍ਰਿਸ਼ਨਾ ਸਵਾਰ ਹੋ ਜਾਵੇ । ਫਿਰ ਮਨੁਖ ਦਾ ਜੀਵਨ ਬੇਜੁਗਤਾ ਹੋ ਜਾਂਦਾ ਹੈ । ਹਰ ਦਮ ਲਿਉਂ ਲਿਉਂ ਕਰਦਾ ਰਹਿੰਦਾ ਹੈ—

ਸਹਸ ਖਟੇ ਲਖ ਕਉ ਉਠਿ ਧਾਵੈ ॥
ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥
੫॥੧੨॥[ਸੁਖਮਨੀ ਸਾਹਿਬ, ਪੰਨਾ ੨੭੯
ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥
੧॥ਰਹਾਉ॥
ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥
ਪਰੈ ਪਰੈ ਹੀ ਕਉ ਲੁਝੀ ਹੇ ॥੧॥੧੫੪॥
[ਗਉੜੀ ਮ: ੫, ਪੰਨਾ ੨੧੩

ਮਾਇਆ ਬੜੀ ਮਿੱਠੀ ਤੇ ਮਨ-ਮੋਹਣੀ ਹੈ । ਇਸ ਦਾ ਮਿੱਠਾ ਤੇ ਮਨ-ਮੋਹਣਾ ਰੂਪ ਪ੍ਰਭੂ ਨੇ ਆਪ ਬਣਾਇਆ ਹੈ । ਜੇ ਅਜਿਹਾ ਨਾ ਹੋਏ ਤਾਂ ਜਗਤ-ਖੇਡ ਚਲ ਹੀ ਨਹੀਂ ਸਕਦੀ । ਆਪਣੀ ਸੁੰਦਰਤਾ ਤੇ ਸੁਆਦ ਦੇ ਬਲ ਬੋਤੇ ਤੇ ਮਾਇਆ ਨੇ ਸਾਰ



www.AKJ.Org

ਸੰਸਾਰ ਆਪਣੇ ਭਰਮ-ਜਾਲ ਵਿਚ ਫਸਾ ਰਖਿਆ ਹੈ। ਗੁਰਦੇਵ ਫੁਰਮਾਉਂਦੇ ਹਨ :-

ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ ॥ ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ॥ ਕੁਰਬਾਣ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ ॥੧੦॥

[ਰਾਮਕਲੀ ਮ: ੩ ਅਨੰਦੁ, ਪੰਨਾ ੯੧੮

ਇਸ ਦੀ ਸੁੰਦਰਤਾ ਉਤੇ ਮੋਹਤ ਹੋ ਕੇ ਜੀਵ ਇਸ ਨੂੰ ਸਭ ਕੁਝ ਸਮਝ ਲੈਂਦਾ ਹੈ। ਬਸ ਇਹੋ ਭੁਲੇਖਾ ਹੈ, ਜੋ ਮਨੁਖ ਦੀ ਭਟਕਣਾ ਤੇ ਖੁਆਰੀ ਦਾ ਕਾਰਨ ਹੈ। ਮਾਇਆ ਬਹੁਤ ਕੁਝ ਹੈ, ਪਰ ਸਭ ਕੁਝ ਨਹੀਂ। ਸਭ ਕੁਝ ਇਸ ਦਾ ਰਚਨਹਾਰ ਵਾਹਿਗੁਰੂ ਹੈ।

ਮਨੁੱਖ ਭੁੱਲ ਜਾਂਦਾ ਹੈ ਕਿ ਬਾਹਰਲੀ ਚਮਕ ਦਮਕ ਹੀ ਸੁੰਦਰਤਾ ਨਹੀਂ ਹੁੰਦੀ। "ਹਰ ਵਸਤੂ ਜੋ ਚਮਕਦੀ ਹੈ, ਸੋਨਾ ਨਹੀਂ ਹੁੰਦੀ", ਇਹ ਇਕ ਸਿਖਿਆਦਾਇਕ ਕਹਾਵਤ ਹੈ। ਜੇ ਸੁੰਦਰਤਾ ਦਾ ਨਿਰਭਰ ਬਾਹਰਲੀ ਚਟਕ ਮਟਕ ਉਤੇ ਹੀ ਹੋਵੇ ਤਾਂ ਤੁੰਮਾ ਬਾਹਰੋਂ ਕਿੰਨਾ ਸੋਹਣਾ ਲਗਦਾ ਹੈ, ਪਰ ਅੰਦਰੋਂ ਕੌੜਾ ਮਹੁਰਾ ਹੁੰਦਾ ਹੈ ਤੇ ਇਸ ਦਾ ਮੁਲ ਕੱਚੀ ਕੌਡੀ ਵੀ ਨਹੀਂ ਪੈਂਦਾ। ਸੱਪ ਦੀ ਬਾਹਰਲੀ ਸ਼ਕਲ ਕਿੰਨੀ ਮਨ-ਮੋਹਣੀ ਲਗਦੀ ਹੈ, ਪਰ ਅੰਦਰ ਵਿਸ ਭਰੀ ਹੋਈ ਹੈ। ਸੱਪ ਨੂੰ ਭਾਵੇਂ ਦੁਧ ਪਿਲਾਓ, ਡੰਗ ਹੀ ਮਾਰਦਾ ਹੈ। ਕਸੁੰਭੇ ਦਾ ਰੰਗ ਦੇਖਣ ਨੂੰ ਕਿੰਨਾ ਸੁਹਾਵਣਾ ਤੇ ਸ਼ੋਖ਼ ਲਗਦਾ ਹੈ, ਪਰ ਇਸ ਦੇ ਫਿਟਦਿਆਂ ਦੇਰ ਨਹੀਂ ਲਗਦੀ, ਤੇ ਫਿਟਿਆ ਹੋਇਆ ਰੰਗ ਕਪੜੇ ਦਾ ਸਤਿਆਨਾਸ ਕਰ ਦੇਂਦਾ ਹੈ।

ਸਾਰੇ ਮਾਦੀ ਰੂਪ, ਰੰਗ ਤੇ ਸੁਆਦ ਸਰੀਰਕ ਨਿਰਬਾਹ ਲਈ ਅਤਿ ਲੋੜੀਂਦੇ ਹਨ। ਇਹਨਾਂ ਦੀ ਵਰਤੋਂ ਬਗ਼ੈਰ ਸਰੀਰ ਜੀਵਤ ਨਹੀਂ ਰਹਿ ਸਕਦਾ, ਜੀਵਨ ਦੀ ਕਾਰ ਨਹੀਂ ਚਲ ਸਕਦੀ। ਇਹ ਪਦਾਰਥ ਜੀਵਨ ਦੇ ਨਿਸ਼ਾਨੇ ਤਕ ਪੁਜਣ ਲਈ ਹਥ-ਠੋਕੇ ਹਨ, ਜੀਵਨ ਦਾ ਨਿਸ਼ਾਨਾ ਨਹੀਂ। ਜੀਵਨ ਦਾ ਨਿਸ਼ਾਨਾ ਹੈ ਆਤਮਾ ਨੂੰ ਪਰਮ-ਆਤਮੇ (ਵਾਹਿਗੁਰੂ) ਵਿਚ ਲੀਨ ਕਰ ਕੇ ਪਰਮ-ਸੁਖ ਦੀ ਪ੍ਰਾਪਤੀ ਕਰਨੀ।

ਮਨੁਖੀ ਜੀਵਨ ਦੇ ਦੋ ਪ੍ਰਮੁਖ ਰਾਹ ਹਨ 'ਲਿਵ' ਅਤੇ 'ਧਾਤੁ'—

ਲਿਵ ਧਾਤੁ ਦੁਇ ਰਾਹ ਹੈ
ਹੁਕਮੀ ਕਾਰ ਕਮਾਇ ॥

[ਮ: ੩, ਸਿਰੀਰਾਗ ਕੀ ਵਾਰ, ਪੰਨਾ ੮੭

'ਲਿਵ' ਅਸਲੇ ਨਾਲ ਜੁੜਨ ਦਾ ਮਾਰਗ ਹੈ, ਰੂਹਾਨੀ ਰਸਤਾ ਹੈ। ਇਹ ਜੀਵਨ-ਨਿਸ਼ਾਨੇ ਦੀ ਪੂਰਤੀ ਦਾ ਰਾਹ ਹੈ। ਇਸ ਉਤੇ ਚਲਦਿਆਂ ਮਾਨਸਿਕ ਟਿਕਾਅ ਬਣਿਆ ਰਹਿੰਦਾ ਹੈ, ਸ਼ਾਂਤੀ ਮਿਲਦੀ ਹੈ ਤੇ ਅੰਤ ਨੂੰ ਪਰਮ ਸੁਖ ਤੇ ਪੂਰਨ ਤ੍ਰਿਪਤੀ ਹੁੰਦੀ ਹੈ। ਲਿਵ-ਹੀਣ ਜੀਵਨ ਫਿੱਕਾ ਤੇ ਨਿਗੂਣਾ ਹੈ। ਗੁਰਦੇਵ ਦਾ ਹੁਕਮ ਹੈ :—

ਸਾਚੀ ਲਿਵੈ ਬਿਨੁ ਦੇਹ ਨਿਮਾਣੀ ॥
ਦੇਹ ਨਿਮਾਣੀ ਲਿਵੈ ਬਾਝਹੁ
ਕਿਆ ਕਰੇ ਵੇਚਾਰੀਆ ॥੬॥

[ਰਾਮਕਲੀ ਮ: ੩ ਅਨੰਦੁ, ਪੰਨਾ ੯੧੭

ਦੂਜਾ ਰਾਹ ਹੈ 'ਧਾਤੁ' ਦਾ, ਅਥਵਾ ਮਾਦੇ ਨਾਲ ਜੁੜਨ ਦਾ। ਇਹ ਜੀਵਨ-ਨਿਸ਼ਾਨੇ ਤੋਂ ਉਕ ਜਾਣ ਦਾ ਤੇ ਵਿਚ-ਵਿਚਾਲੇ ਅਟਕ ਜਾਣ ਦਾ ਮਾਰਗ ਹੈ। ਇਸ ਰਾਹ ਤੇ ਚਲਦਿਆਂ ਮਾਨਸਿਕ ਖਿੰਡਾਅ ਬਣਿਆ ਰਹਿੰਦਾ ਹੈ, ਮਾਦੀ ਪਦਾਰਥਾਂ ਨਾਲ ਮੋਹ ਪੈ ਜਾਂਦਾ ਹੈ, ਤ੍ਰਿਸ਼ਨਾ ਵਧ ਜਾਂਦੀ ਹੈ। ਮਨ ਹਰ ਵੇਲੇ ਹਲਕੇ ਕੁੱਤੇ ਵਾਂਗ ਪਦਾਰਥਾਂ ਦੇ ਲੋਭ ਲਾਲਚ ਵਿਚ ਭਟਕਦਾ ਫਿਰਦਾ ਹੈ। ਪਦਾਰਥਾਂ ਦਾ ਦਾਤਾ ਵਿਸਰ ਜਾਂਦਾ ਹੈ। ਦਾਸੀ-ਮਾਇਆ ਭੁਲੇ ਮਨੁਖ ਦੀ ਮਾਲਕਣ ਬਣ ਬਹਿੰਦੀ ਹੈ। ਮਾਇਆ ਦਾ ਇਹ ਰੂਪ ਮਨੁਖ ਲਈ ਅਤਿ ਦੁਖਦਾਈ ਹੋ ਨਿਬੜਦਾ ਹੈ।

**ਪ੍ਰਸ਼ਨ** :—ਮਾਇਆ ਦਾ ਦੁਖਦਾਈ ਰੂਪ ਕਿਹੋ ਜਿਹਾ ਹੈ ਤੇ ਇਸ ਤੋਂ ਛੁਟਕਾਰੇ ਦਾ ਕੀ ਸਾਧਨ ਹੈ ?

**ਉੱਤਰ** :—ਮਾਇਆ ਹੋਈ ਨਾਗਨੀ ਜਗਤਿ ਰਹੀ



www.AKJ.Org

ਲਪਟਾਇ ॥ ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ ॥ ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ ॥ ਨਾਨਕ ਸੇਈ ਉਬਰੇ ਜਿ ਸਚਿ ਰਹੇ ਲਿਵ ਲਾਇ ॥੨॥ (੫)

[ਮ: ੩, ਗੂਜਰੀ ਕੀ ਵਾਰ, ਪੰਨਾ ੫੧੦

ਮਾਇਆ ਮਮਤਾ ਮੋਹਣੀ
ਜਿਨਿ ਵਿਣੁ ਦੰਤਾ ਜਗੁ ਖਾਇਆ ॥
ਮਨਮੁਖ ਖਾਧੇ ਗੁਰਮੁਖਿ ਉਬਰੇ
ਜਿਨੀ ਸਚਿ ਨਾਮਿ ਚਿਤੁ ਲਾਇਆ ॥

[ਸਲੋਕ ਮ: ੩, ਵਾਰ ਸੋਰਠ, ਪੰਨਾ ੬੪੩

ਮਾਇਆ ਭੁਇਅੰਗਮੁ ਸਰਪੁ ਹੈ
ਜਗੁ ਘੇਰਿਆ ਬਿਖੁ ਮਾਇ ॥੨੨॥

[ਸਲੋਕ ਵਾਰਾਂ ਤੇ ਵਧੀਕ ਮ: ੩,ਪੰ:੧੪੧੫

**ਵਿਚਾਰ :—**

ਮਾਇਆ ਲਈ ਗੁਰਬਾਣੀ ਵਿਚ ਨਾਗਨੀ (ਸਰਪਨੀ), ਠਗਣੀ, ਚੋਰਟੀ, ਬਿਖਿਆ ਆਦਿ ਨਾਮ ਵਰਤੇ ਗਏ ਹਨ। ਇਸ ਦੀ ਮਾਰ ਤੋਂ ਅਥਵਾ ਇਸ ਦੇ ਛਲ-ਛਿਦਰ ਤੋਂ ਬ੍ਰਹਮਾ ਬਿਸ਼ਨ ਤੇ ਮਹਾਂਦੇਵ ਵਰਗੇ ਦੇਵਤੇ ਵੀ ਬਚ ਨਹੀਂ ਸਕੇ। ਇਸ ਦਾ ਬੜਾ ਦਬਦਬਾ ਹੈ, ਜਿਥੇ ਜਾ ਖਲੋਵੇ, ਅਗਲੇ ਦੀ ਮਤ ਮਾਰ ਸੁਟਦੀ ਹੈ। ਕਈ ਜੁਗਾਂ ਦੀ ਕੀਤੀ ਤਪੱਸਿਆ ਇਕ ਪਲ ਵਿਚ ਨਸ਼ਟ ਭ੍ਰਸਟ ਕਰ ਛਡਦੀ ਹੈ। ਤਾਮਸੀ ਬੁੱਧੀ ਵਾਲੇ ਲੋਕ ਤਾਂ ਇਸ ਦੀ ਪਰਜਾ ਹੀ ਹਨ, ਪਰ ਸ੍ਰੇਸ਼ਟ ਬੁੱਧੀ ਵਾਲੇ ਲੋਕੀ ਵੀ; ਕੀ ਦੇਵਤੇ ਤੇ ਕੀ ਮੁਨੀਸ਼ਰ, ਕੀ ਤਪੱਸਵੀ ਤੇ ਪੁਗੇ ਹੋਏ ਸਿਧ ਜੋਗੀ, ਕੀ ਗਿਆਨੀ ਤੇ ਸ਼ਾਸਤ੍ਰ-ਗਿਆਤਾ ਪੰਡਿਤ, ਇਸ ਦੇ ਭ੍ਰਮ-ਜਾਲ ਤੋਂ ਨਹੀਂ ਬੱਚ ਸਕਦੇ। ਬ੍ਰਹਮ ਲੋਕ ਤੇ ਇੰਦਰ ਲੋਕ ਵੀ ਇਸ ਨੇ ਆਪਣੇ ਵਸ ਵਿਚ ਕੀਤੇ ਹੋਏ ਹਨ। ਤਿੰਨਾ ਹੀ ਭਵਨਾਂ ਵਿਚ ਇਸ ਦਾ ਬੋਲ-ਬਾਲਾ ਹੈ।

ਹਰ ਥਾਵੇਂ ਮਾਰੋ ਮਾਰ ਕਰਦੀ ਫਿਰਦੀ ਹੈ। ਕੀ ਮਜਾਲ ਕਿਸੇ ਦੀ ਕਿ ਇਸ ਦੇ ਮੂਹਰੇ ਉਭਾਸਰ ਸਕੇ।

ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ--ਇਹ ਪੰਜ ਵਿਕਾਰ ਇਸ ਫਫੇਕੁਟਣੀ ਮਾਇਆ ਦੇ ਏਜੰਟ ਹਨ। ਇਹ ਪੰਜ ਕੁੱਤੇ ਕੁਦਰਤ ਵਲੋਂ ਮਨੁੱਖ ਦੇ ਅੰਦਰ ਅੰਮ੍ਰਿਤ-ਖ਼ਜ਼ਾਨੇ ਦੀ ਰਖਵਾਲੀ ਲਈ ਰਖੇ ਹੋਏ ਹਨ, ਪਰ ਇਹ ਬੜੇ ਚਲਾਕ ਨੇ। ਮਾਇਆ ਦੀ ਠੱਗ-ਬੂਟੀ ਸੁੰਘਾ ਕੇ ਜੀਵ ਨੂੰ ਬੇਹੋਸ਼ ਕਰ ਦੇਂਦੇ ਹਨ ਤੇ ਆਪ ਹੀ ਉਸ ਦੀ ਕੀਮਤੀ ਪੂੰਜੀ ਲੁਟ ਲੈਂਦੇ ਹਨ। ਜਿਹੜਾ ਵੀ ਇਹਨਾਂ ਦੇ ਝਾਂਸੇ ਵਿਚ ਫਸ ਜਾਵੇ, ਉਸ ਦੀ ਬੇਪਤੀ ਕਰਦੇ ਹਨ, ਬੁਰੀ ਬਾਬ ਬਣਾਂਦੇ ਹਨ। ਇਹ ਮਿੱਤਰ ਬਣ ਕੇ ਤੇ ਜੀਵ ਨੂੰ ਵਿਸਾਹ ਦੇ ਕੇ ਠਗੀ ਮਾਰਦੇ ਹਨ।

ਮੋਮੋਠਗਣੀ ਮਾਇਆ ਅਤੇ ਉਸ ਦੇ ਮੂਹ-ਜੋਰ ਤੇ ਚਲਾਕ ਏਜੰਟਾਂ ਤੋਂ, ਮਾਂ ਪਿਓ ਭਰਾ, ਮਿੱਤਰ ਸੰਬੰਧੀ, ਕੋਈ ਵੀ ਛੁਡਾ ਨਹੀਂ ਸਕਦਾ। ਕੋਈ ਕਿਸੇ ਦੂਜੇ ਦੀ ਰੱਖਿਆ ਤਾਂ ਕਰ ਸਕੇ ਜੇ ਆਪ ਇਹਨਾਂ ਦੀ ਮਾਰ ਤੋਂ ਬਚਿਆ ਹੋਵੇ।

ਮਾਇਆ-ਨਾਗਣੀ ਦੇ ਡੰਗ ਤੋਂ ਉਹੋ ਵਡਭਾਗਾ ਮਨੁਖ ਹੀ ਬਚ ਸਕਦਾ ਹੈ ਜਿਸ ਨੂੰ ਪੂਰਾ ਸਤਿਗੁਰੂ ਮਿਲ ਪਵੇ ਅਤੇ ਉਸ ਨੂੰ ਪੂਰੇ ਸਤਿਗੁਰੂ ਪਾਸੋਂ ਇਸ ਮਾਇਆ ਸਰਪਨੀ ਦੇ ਜ਼ਹਿਰ ਨੂੰ ਦੂਰ ਕਰਨ ਵਾਲਾ ਗਾਰੜੀ ਮੰਤਰ (ਗੁਰ ਮੰਤਰ) ਪ੍ਰਾਪਤ ਹੋ ਜਾਵੇ। ਅਜਿਹੇ ਗੁਰੂ ਦੀ ਸ਼ਰਨ ਪਏ ਗੁਰਮੁਖ ਪ੍ਰਾਣੀ ਉਤੇ ਮਾਇਆ-ਨਾਗਣੀ ਦੀ ਜ਼ਹਿਰ ਦਾ ਅਸਰ ਨਹੀਂ ਹੋ ਸਕਦਾ। ਸਗੋਂ ਪੂਰੇ ਗੁਰੂ ਦੇ ਗਾਰੜੀ ਮੰਤਰ (ਗੁਰਮੰਤਰ) ਦੀ ਤੁਫ਼ੈਲ ਇਸ ਦਾ ਜ਼ਹਿਰ ਕੁਸ਼ਤਾ ਬਣ ਜਾਂਦਾ ਹੈ, ਜੋ ਸਗੋਂ ਲਾਭਦਾਇਕ ਹੁੰਦਾ ਹੈ—

ਹਉਮੈ ਮਾਇਆ ਮੋਹਣੀ ਦੂਜੈ ਲਗੈ ਜਾਇ ॥
ਨਾ ਇਹ ਮਾਰੀ ਨ ਮਰੈ
ਨਾ ਇਹ ਹਾਟਿ ਵਿਕਾਇ ॥
ਗੁਰ ਕੈ ਸਬਦਿ ਪਰਜਾਲੀਐ
ਤਾ ਇਹ ਵਿਚਹੁ ਜਾਇ ॥
ਤਨੁ ਮਨੁ ਹੋਵੈ ਉਜਲਾ



www.AKJ.Org

ਨਾਮੁ ਵਸੈ ਮਨਿ ਆਇ ॥
ਨਾਨਕ ਮਾਇਆ ਕਾ ਮਾਰਣੁ ਸਬਦੁ ਹੈ
ਗੁਰਮੁਖਿ ਪਾਇਆ ਜਾਇ ॥੨॥੧੦॥
[ਮ: ੩, ਬਿਲਾਵਲ ਕੀ ਵਾਰ, ਪੰਨਾ ੮੫੩

ਅਥਵਾ—ਜਿਨਾ ਸਤਿਗੁਰੁ ਭੇਟਿਆ
ਤਿਨ ਨੇੜਿ ਨ ਭਿਟੈ ਮਾਇ ॥੬॥
[ਗਉੜੀ ਬੈਰਾਗਣਿ ਮ: ੩, ਪੰਨਾ ੨੩੩

ਕਲਜੁਗ ਵਿਚ ਪੂਰਾ ਗੁਰੂ ਧੁਰੋਂ ਪਠਾਇਆ ਸ੍ਰੀ ਗੁਰੂ ਨਾਨਕ ਦੇਵ ਅਤੇ ਉਸ ਦਾ ਪਰਗਟ ਪ੍ਰਮਾਣ ਸ਼ਬਦ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ।

ਪਰਛਾਵੇਂ ਨੂੰ ਫੜਨ ਦੀ ਕੋਸ਼ਿਸ਼ ਕਰੋ, ਇਹ ਅਗੇ ਤੋਂ ਅਗੇ ਦੌੜਦਾ ਜਾਂਦਾ ਹੈ । ਪਰ ਸੂਰਜ ਵਲ ਮੂੰਹ ਕੀਤਿਆਂ ਪਰਛਾਵਾਂ ਮਗਰ ਲਗਾ ਫਿਰਦਾ ਹੈ। ਇਹੋ ਹਾਲ ਮਾਇਆ ਦਾ ਹੈ। ਜੀਵਨ ਦੀ ਠੀਕ ਜੁਗਤੀ ਇਹ ਹੈ ਕਿ ਅਕਾਲ ਪੁਰਖ ਵਲ ਮੂੰਹ ਰਖਿਆ ਜਾਵੇ । ਬਸ ਮਾਇਆ ਪਿਛੇ ਦੌੜੀ ਫਿਰਦੀ ਹੈ—

ਗਹੁ ਕਰਿ ਪਕਰੀ ਨ ਆਈ ਹਾਥਿ ॥
ਪ੍ਰੀਤਿ ਕਰੀ ਚਾਲੀ ਨਹੀ ਸਾਥਿ ॥
ਕਹੁ ਨਾਨਕ ਜਉ ਤਿਆਗਿ ਦਈ ॥
ਤਬ ਓਹ ਚਰਣੀ ਆਇ ਪਈ ॥੧॥੧੮॥
੨੯॥[ਰਾਮਕਲੀ ਮ: ੫, ਪੰਨਾ ੮੯੧

ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ ॥
ਚਰਣੀ ਲਾਗੈ ਤਾ ਮਹਲੁ ਪਾਵੈ...॥
[ਗਉੜੀ ਮ: ੩ ਅਸਟ, ਪੰਨਾ ੨੩੧

ਗਿਆਨੀ ਕੀ ਹੋਇ ਵਰਤੀ ਦਾਸਿ ॥
ਕਰ ਜੋੜੇ ਸੇਵਾ ਕਰੇ ਅਰਦਾਸਿ ॥
ਜੋ ਤੂੰ ਕਹਹਿ ਸੁ ਕਾਰ ਕਮਾਵਾ ॥
ਜਨ ਨਾਨਕ ਗੁਰਮੁਖ ਨੇੜਿ ਨ ਆਵਾ ॥੪॥
੧॥ [ਆਸਾ ਮ: ੫, ਪੰਨਾ ੩੭੦

ਕਹੈ ਨਾਨਕੁ ਗੁਰ ਪਰਸਾਦੀ
ਜਿਨਾ ਲਿਵ ਲਾਗੀ
ਤਿਨੀ ਵਿਚੇ ਮਾਇਆ ਪਾਇਆ ॥੨੯॥
[ਰਾਮਕਲੀ ਮ: ੩, ਅਨੰਦੁ, ਪੰਨਾ ੯੨੧

---

# ਅਖੰਡ ਕੀਰਤਨੀ ਜਥੇ ਦੀ ਜਥੇਬੰਦੀ ਬਾਰੇ ਵਿਚਾਰ

ਦੂਰ ਨੇੜੇ ਵਿਚਰ ਰਹੀਆਂ ਸਮੂਹ ਇਲਾਕਿਆਂ, ਸ਼ਹਿਰਾਂ ਅਤੇ ਪਰਦੇਸਾਂ ਦੀਆਂ ਸੰਗਤਾਂ ਦੇ ਚਰਨਾਂ ਵਿਚ ਸਨਿਮਰ ਬੇਨਤੀ ਹੈ ਕਿ ਵਿਸਾਖੀ ੧੯੮੦ ਦੇ ਸਮਾਗਮ ਤੇ ਸ੍ਰੀ ਅੰਮ੍ਰਿਤਸਰ ਜੀ ਹੁਮ ਹੁਮਾ ਕੇ ਪੁਜਣ, ਤਾਂ ਜੁ ਨਾਮ ਬਾਣੀ ਦੇ ਲਾਹੇ ਲੈਣ ਤੋਂ ਇਲਾਵਾ ਜਥੇ ਦੀ ਸਮੂਹ ਵਿਚਾਰਧਾਰਾ ਅਨੁਸਾਰ ਜਥੇਬੰਦੀ ਦਾ ਨਵਾਂ ਪਰਬੰਧਕੀ ਢਾਂਚਾ, ੧੪. ੪, ੮੦ ਨੂੰ ਸਵੇਰੇ ਭੋਗ ਤੋਂ ਬਾਅਦ ਉਲੀਕਿਆ ਜਾ ਸਕੇ। ਵੈਸਾਖੀ ਦੇ ਸਮਾਗਮ ਤਕ ਇਸ ਮਸਲੇ ਨੂੰ ਚੰਗੀ ਤਰ੍ਹਾਂ ਘੋਖਣ ਲਈ ਸੰਗਤਾਂ ਨੂੰ ਕਾਫ਼ੀ ਸਮਾਂ ਪਹਿਲਾਂ ਬਿਨੈ ਕੀਤੀ ਜਾ ਰਹੀ ਹੈ।

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ)

# ਮਾਇਆ ਨਾ ਭੇਜਣ ਲਈ ਬੇਨਤੀ

ਸਮੂਹ ਸੰਗਤਾਂ ਦੀ ਸੇਵਾ ਵਿਖੇ ਬੇਨਤੀ ਹੈ ਕਿ ਸ਼ਹੀਦੀ ਫ਼ੰਡ ਅਤੇ ਅਖੰਡ ਕੀਤਤਨੀ ਜਥੇ ਦੇ ਕੇਂਦਰੀ ਫੰਡ ਲਈ ਹੁਣ ਹੋਰ ਮਾਇਆ ਨਾ ਭੇਜੀ ਜਾਵੇ । ਸੰਗਤਾਂ ਆਪਣੇ ਦਸਵੰਧ ਆਪਣੇ ਪਾਸ ਰਖਣ ਅਤੇ ਜਦ ਕਦੇ ਫਿਰ ਲੋੜ ਪਵੇਗੀ, ਸੰਗਤਾਂ ਨੂੰ ਬੇਨਤੀ ਕਰ ਦਿਤੀ ਜਾਵੇਗੀ।

ਦਾਸਰਾ—ਰਾਮ ਸਿੰਘ (ਜਥੇਦਾਰ)



www.AKJ.Org

# ਪਾਠ ਬੋਧ ਸਮਾਗਮ ਦੀ ਬਹੁ-ਮੁੱਲੀ ਦੇਣ

[ਭਾਈ ਸਾਹਿਬ ਰਾਮ ਸਿੰਘ ਜੀ ਸੁਕੈਡਰਨ ਲੀਡਰ]

ਇਹ ਸਮਾਗਮ ਤੇਜਾ ਸਿੰਘ ਸਮੁੰਦਰੀ ਹਾਲ ਅੰਮ੍ਰਿਤਸਰ ਵਿਚ ੨੩ ਅਗਸਤ ੧੯੭੯ ਨੂੰ ਅਰੰਭ ਹੋਇਆ ਅਤੇ ੧੫ ਸਤੰਬਰ ੧੯੭੯ ਨੂੰ ਸਮਾਪਤ ਹੋਇਆ। ਇਸ ਸਮਾਗਮ ਵਿਚ ਪੰਥ ਦੇ ਉੱਘੇ ਗੁਣੀ ਗਿਆਨੀ, ਟੀਕਾਕਾਰ, ਗ੍ਰੰਥੀ ਸਾਹਿਬਾਨ, ਸਿੰਘ ਸਭਾਵਾਂ ਦੇ ਵਿਦਵਾਨ, ਪੰਜਾਬ ਦੀਆਂ ਯੂਨੀ-ਵਰਸਿਟੀਆਂ ਵਲੋਂ ਪ੍ਰਸਿਧ ਡਾਕਟਰ ਅਤੇ ਪ੍ਰੋਫ਼ੈਸਰ, ਫ਼ਾਰਸੀ, ਹਿੰਦੀ, ਸੰਸਕ੍ਰਿਤ ਅਤੇ ਪੰਜਾਬੀ ਜ਼ਬਾਨ ਦੇ ਮਾਹਰ, ਸਿਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ, ਕਈ ਉੱਘੀਆਂ ਸੰਸਥਾਵਾਂ ਦੇ ਨੁਮਾਇੰਦੇ, ਹਰਖੋਵਾਲ ਅਤੇ ਸੁਲਤਾਨਪੁਰ ਦੇ ਸੰਤ ਸਾਹਿਬਾਨ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਜੀ ਦੇ ਗ੍ਰੰਥੀ ਸਾਹਿਬਾਨ, ਕਈ ਹੋਰ ਗੁਰਬਾਣੀ ਦੀ ਚੰਗੀ ਸੂਝ ਰਖਣ ਵਾਲੇ ਵਿਚਾਰ-ਵਾਨ ਪ੍ਰੇਮੀ ਸਜਣ ਅਤੇ ਕਈ ਤੱਤ ਗੁਰਸਿੱਖੀ ਦੇ ਭੌਰੇ ਗੁਰਸਿਖਾਂ ਨੇ ਹਿੱਸਾ ਲਿਆ।

ਉਪਰ ਦਰਸਾਏ ਵੀਚਾਰਵਾਨਾਂ ਦੀ ਸਹਾਇਤਾ ਵਾਸਤੇ ਹੇਠ ਲਿਖੀਆਂ ਲਿਖਤਾਂ ਵਲ ਭੀ ਚੋਖਾ ਧਿਆਨ ਦਿਵਾਇਆ ਗਿਆ :—

ੳ) ਭਾਈ ਗੁਰਦਾਸ ਜੀ ਦੀਆਂ ਵਾਰਾਂ।
ਅ) ਟੀਕਾ ਭਾਈ ਕਾਹਨ ਸਿੰਘ ਜੀ ਨਾਭਾ।
ੲ) ਟੀਕਾ ਭਾਈ ਸਾਹਿਬ ਭਾਈ ਵੀਰ ਸਿੰਘ ਜੀ।
ਸ) ਟੀਕਾ ਪ੍ਰੋਫ਼ੈਸਰ ਸਾਹਿਬ ਸਿੰਘ ਜੀ।
ਹ) ਟੀਕਾ ਪੰਡਤ ਤਾਰਾ ਸਿੰਘ ਜੀ ਨਰੋਤਮ।
ਕ) ਸ਼ਬਦਾਬ, ਅਤੇ
ਖ) "ਲਗਾਂ ਮਾਤਰਾਂ ਦੀ ਵਿਲੱਖਣਤਾ"
ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ।

ਇਸ ਸਾਰੇ ਸਮਾਗਮ ਦਾ ਤੱਤਸਾਰ ਗੁਰਬਾਣੀ ਦਾ ਸ਼ੁਧ ਪਾਠ ਕਰਨਾ ਸੀ, ਜਿਸ ਵਿਚ ਵਿਆਕਰਣਿਕ ਨਿਯਮਾਵਲੀ ਨੂੰ ਮੁਖ ਰਖਦਿਆਂ ਹੋਇਆਂ ਹੇਠ ਲਿਖੇ ਪਹਿਲੂਆਂ ਵਲ ਧਿਆਨ ਦੇਣਾ ਅਤੀ ਜ਼ਰੂਰੀ ਸਮਝਿਆ ਗਿਆ :—

ੳ) ਸ਼ਬਦਾਂ ਦਾ ਸ਼ੁਧ ਨਿਖੇੜ।
ਅ) ਠੀਕ ਜਗ੍ਹਾ ਤੇ ਅਰਧ ਬਿਸਰਾਮ ਅਤੇ ਬਿਸਰਾਮ,
ੲ) ਅੱਖਰਾਂ ਦੇ ਉੱਪਰ ਲੁਪਤ ਲਗ-ਮਾਤਰੀ ਬਿੰਦੇ ਅਤੇ ਅੱਧਕ ਦਾ ਉਚਾਰਨ,
ਸ) 'ਹ' ਅੱਖਰ ਦਾ ਮੁਕਤਾ, ਔਂਕੜ ਅਤੇ ਸਿਹਾਰੀ ਸਹਿਤ ਉਚਾਰਨ,
ਹ) 'ਯ' ਅਤੇ 'ਅ' ਅਖ਼ਰਾਂ ਦਾ ਉਚਾਰਨ, ਅਤੇ
ਕ) ਦੂਹਰੀਆਂ ਲਗਾਂ ਮਾਤਰਾਂ ਦਾ ਉਚਾਰਨ।

ਨੋਟ:—( i ) ਅੱਖਰਾਂ ਦੇ ਪੈਰ ਵਿਚ ਬਿੰਦਾ ਲਗਾ ਕੇ, ਇਨ੍ਹਾਂ ਨੂੰ ਨਵੇਂ ਅੱਖਰਾਂ ਦਾ ਰੂਪ ਦੇ ਕੇ ਉਚਾਰਨ ਦੇ ਹੱਕ ਵਿਚ ਫ਼ਾਰਸੀ ਅਤੇ ਸੰਸਕ੍ਰਿਤ-ਦਾਨਾਂ ਵਲੋਂ ਵਿਚਾਰ ਪੇਸ਼ ਹੋਏ, ਤਾਂ ਜੁ ਗੁਰਬਾਣੀ ਅੰਦਰ ਆਏ ਫ਼ਾਰਸੀ ਅਤੇ ਸੰਸਕ੍ਰਿਤ ਦੇ ਸ਼ਬਦਾਂ ਦਾ ਇਨ੍ਹਾਂ ਭਾਸ਼ਾਵਾਂ ਦੇ ਨਿਯਮਾਂ ਅਨੁਸਾਰ ਸ਼ੁਧ ਉਚਾਰਨ ਹੋ ਸਕੇ।

( ii ) ਅੱਖਰਾਂ ਦੇ ਪੈਰ ਵਿਚ ਬਿੰਦਾ ਨਾ ਲਗਾ ਕੇ ਉਚਾਰਨ ਦੇ ਹੱਕ ਵਿਚ ਗਹਿ-ਗੱਡਵੇਂ ਵਿਚਾਰ ਪੇਸ਼ ਹੋਏ, ਅਤੇ ਕੇਵਲ ਗੁਰੂ ਸਾਹਿਬ ਜੀ ਦੇ ਰਚੇ ੩੫ ਅੱਖਰਾਂ ਵਿਚ ਹੀ ਗੁਰੂ ਸਾਹਿਬ ਜੀ ਦੀ ਰਚੀ ਬਾਣੀ ਦੇ ਉਚਾ-ਰਨ ਨੂੰ ਗੁਰਮਤਿ ਅਨਕੂਲ ਸਮਝਣ ਤੇ ਜ਼ੋਰ ਦਿਤਾ ਗਿਆ, ਤਾਂ ਜੁ ਗੁਰਮਤਿ ਨਿਯਮਾਵਲੀ ਅਨੁਸਾਰ, ਗੁਰਬਾਣੀ ਦੇ ਉਚਾਰਨ ਵਿਚ ਪੈਂਤੀਆਂ ਅੱਖਰਾਂ ਤੋਂ ਇਲਾਵਾ ਹੋਰ ਕੋਈ ਅੱਖਰ ਵਧਾ ਕੇ ਨਾ ਸ਼ਾਮਲ ਕੀਤਾ ਜਾਏ ਅਤੇ ਜੇਹੜੇ ਅੱਖਰਾਂ ਵਿਚ ਗੁਰਬਾਣੀ ਲਿਖੀ ਗਈ ਹੈ ਉਨ੍ਹਾਂ ਅੱਖਰਾਂ ਦੀ ਹੱਦ-ਬੰਦੀ ਵਿਚ ਹੀ ਗੁਰਬਾਣੀ ਉਚਾਰੀ ਜਾਏ।



www.AKJ.Org

ਇਸ ਸਮਾਗਮ ਨੇ ਮੌਜੂਦਾ ਪਾਠੀਆਂ ਦੀਆਂ ਗੁਰਬਾਣੀ ਦੇ ਉਚਾਰਨ ਵਿਚ ਕਈ ਅਸ਼ੁਧੀਆਂ ਦੂਰ ਕੀਤੀਆਂ। ਪਰ ਕਈ ਥਾਈਂ ਅਜਿਹੇ ਸ਼ਬਦ ਭੀ ਆਏ ਜਿਨ੍ਹਾਂ ਦੇ ਸ਼ੁਧ ਨਿਖੇੜ ਬਾਰੇ ਇਸ ਸਮਾਗਮ ਵਿਚ ਨਿਰਣਾ ਨਾ ਲਿਆ ਜਾ ਸਕਿਆ, ਕਿਉਂਕਿ ਇਨ੍ਹਾਂ ਸ਼ਬਦਾਂ ਦੇ ਨਿਖੇੜ ਬਾਰੇ ਪ੍ਰਮਾਣੀਕ ਵਿਦਵਾਨਾਂ ਦੇ ਟੀਕੇ, ਅਤੇ ਕੋਸ਼ ਅਤੇ ਹਾਜ਼ਰ ਬੁਧੀਵਾਨਾਂ ਦੀ ਅਲੱਗ ਅਲੱਗ ਰਾਇ ਸਾਹਮਣੇ ਆਈ। ਅਜਿਹਿਆਂ ਸ਼ਬਦਾਂ ਨੂੰ **'ਹੋਰ ਵਿਚਾਰ ਗੋਚਰਾ'** ਛੱਡਿਆ ਗਿਆ, ਅਤੇ ਅਗਲੇ ਸਮਾਗਮ ਤੇ ਇਨ੍ਹਾਂ ਬਾਰੇ ਨਿਰਣਾ ਲੈਣ ਲਈ ਰੀਕਾਰਡ ਕਰ ਲਿਆ ਗਿਆ।

ਗਿਆਨੀ ਗੁਰਦਿਤ ਸਿੰਘ ਜੀ ਜ: ਸਕੱਤਰ ਕੇਂਦਰੀ ਸਿੰਘ ਸਭਾ ਨੇ ਆਪਣੇ ਭਾਸ਼ਣ ਵਿਚ ਸਿੱਖ ਇਤਿਹਾਸ ਵਿਚੋਂ ਮਿਸਾਲਾਂ ਦੇ ਕੇ ਕਿਹਾ ਕਿ **"ਬਾਣੀ ਦਾ ਅਸ਼ੁਧ ਪਾਠ ਕਰਨਾ ਵੀ ਘੋਰ ਪਾਪ ਹੈ"**। (ਦੇਖੋ ਸਿੰਘ ਸਭਾ ਪੱਤਰਕਾ ਨਵੰਬਰ, ੧੯੭੯ ਸਫ਼ਾ ੧੨੧)। ਤਾਂ ਫਿਰ ਮੌਜੂਦਾ ਪਦ-ਛੇਦ ਬੀੜਾਂ ਜਿਨ੍ਹਾਂ ਵਿਚ ਕਈ ਅਸ਼ੁਧੀਆਂ ਹਨ, ਅਤੇ ਜਿਨ੍ਹਾਂ ਬਾਰੇ ਅੱਜ ਤਕ ਕੋਈ ਪੰਥਕ ਨਿਰਣਾ ਨਹੀਂ ਲਿਆ ਗਿਆ, ਅਸ਼ੁਧ ਪਾਠ ਦੇ ਪਰਚਾਰ ਦਾ ਹੀ ਸਾਧਨ ਹਨ। ਇਸ ਦੀ ਜ਼ਿਮੇਵਾਰੀ ਪੰਥ ਦੇ ਆਗੂਆਂ ਦੇ ਸਿਰ ਹੀ ਸਮਝੀ ਜਾਣੀ ਚਾਹੀਦੀ ਹੈ।

ਹੁਣ ਵਿਚਾਰਨ ਵਾਲੀ ਗੱਲ ਇਹ ਹੈ ਕਿ ਜਿਨ੍ਹਾਂ ਸ਼ਬਦਾਂ ਦੇ ਸ਼ੁਧ ਨਿਖੇੜ ਬਾਰੇ ਮੌਜੂਦਾ ਗੁਣੀ-ਗਿਆਨੀਆਂ ਦਾ ਆਪਸ ਵਿਚ ਮੱਤ-ਭੇਦ ਹੈ, ਅਤੇ ਬੀਤੇ ਸਮੇਂ ਦੇ ਵਿਦਵਾਨਾਂ ਦੀ ਭੀ ਇਕ ਰਾਇ ਨਹੀਂ ਹੈ, ਉਨ੍ਹਾਂ ਸ਼ਬਦਾਂ ਦੇ ਨਿਖੇੜ ਬਾਰੇ ਪੰਥਕ ਨਿਰਣਾ ਕਿਸ ਤਰ੍ਹਾਂ ਲਿਆ ਜਾਏਗਾ? ਇਹ ਕੋਈ ਅਜਿਹਾ ਮਸਲਾ ਤਾਂ ਹੈ ਨਹੀਂ ਕਿ ਇਸ ਦਾ ਬਹੁ-ਸੰਮਤੀ ਨਾਲ ਫ਼ੈਸਲਾ ਕਰ ਲਿਆ ਜਾਏ। ਇਸ ਬਾਰੇ ਸਰਬ-ਸੰਮਤੀ ਹੋ ਨਹੀਂ ਸਕਦੀ, ਕਿਉਂਕਿ ਚੋਟੀ ਦੇ ਵਿਦਵਾਨ ਪ੍ਰੋ: ਸਾਹਿਬ ਸਿੰਘ ਜੀ, ਭਾਈ ਸਾਹਿਬ ਭਾਈ ਵੀਰ ਸਿੰਘ ਜੀ ਅਤੇ ਅਨੁਭਵੀ ਗਿਆਨਵਾਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਆਦਿ ਦੀ ਰਾਇ ਪੱਥਰ ਉਤੇ ਲੀਕ ਹੋ ਚੁਕੀ ਹੈ।

ਫਿਰ ਭੀ ਇਸ ਮਸਲੇ ਦਾ ਕੋਈ ਨਾ ਕੋਈ ਹੱਲ ਜ਼ਰੂਰ ਲੱਭਣਾ ਚਾਹੀਦਾ ਹੈ। ਇਸ ਨੂੰ ਵਿਰੋ ਹੀ ਨਹੀਂ ਲਟਕਦਾ ਰਹਿਣ ਦੇਣਾ ਚਾਹੀਦਾ। ਇਸ ਲਈ:

(ੳ) ਅਸ਼ੁਧ ਬਾਣੀ ਦੇ ਉਚਾਰਨ ਦਾ ਪਰਚਾਰ ਖ਼ਤਮ ਕਰਨ ਲਈ ਅਤੇ ਪੰਥਕ ਲੀਡਰਾਂ ਦੇ ਕੰਧਿਆਂ ਤੋਂ ਪਦ-ਛੇਦ ਸਰੂਪਾਂ ਰਾਹੀਂ ਅਸ਼ੁੱਧ ਬਾਣੀ ਉਚਾਰਨ ਕਰਾਉਣ ਦੇ ਪਾਪ ਦਾ ਭਾਰ ਉਤਾਰਨ ਲਈ, ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਭ ਸਰੂਪ ਜੁੜਤ ਸ਼ਬਦਾਂ ਵਿਚ (ਲੜੀਦਾਰ ਸਰੂਪਾਂ ਵਿਚ) ਛਾਪੇ ਜਾਣੇ ਚਾਹੀਦੇ ਹਨ।

(ਅ) ਪਾਠੀਆਂ ਦੀ ਅਗਵਾਈ ਵਾਸਤੇ **"ਸ਼ੁਧ ਬਾਣੀ ਗਾਈਡ"** ਛਪਵਾ ਲਿਆ ਜਾਣਾ ਚਾਹੀਦਾ ਹੈ, ਜਿਸ ਵਿਚ ਮਹਿੰਗੇ (ਕਠਨ) ਸ਼ਬਦਾਂ ਦੇ ਨਿਖੇੜ ਬਾਰੇ ਵਿਦਵਾਨਾਂ ਦੀ ਰਾਏ ਦਿਤੀ ਜਾਏ, ਅਤੇ ਲਿਖਿਆ ਜਾਏ ਕਿ **"ਫਲਾਣਾ ਨਿਖੇੜ ਅਸਲੀਅਤ ਦੇ ਜ਼ਿਆਦਾ ਨਜ਼ਦੀਕ ਜਾਪਦਾ ਹੈ"**। ਇਸ ਤੋਂ ਵਧ ਕੁਝ ਲਿਖਿਆ ਜਾਣਾ ਉਚਿਤ ਨਹੀਂ ਜਾਪਦਾ, ਕਿਉਂਕਿ ਅਲਪੱਗ ਬੁੱਧੀ ਵਾਲੇ ਜੀਵ ਸਰਬੱਗ ਗੁਰੂ ਸਾਹਿਬਾਨ ਜੀ ਦੀ ਉਚਰੀ ਹੋਈ ਬਾਣੀ ਉਤੇ ਜੱਜ ਬਣ ਕੇ ਨਹੀਂ ਬੈਠ ਸਕਦੇ। ਹਾਂ, ਕੇਵਲ ਆਪਣੀ ਰਾਏ ਦੇ ਸਕਦੇ ਹਨ, ਪਰ ਫ਼ੈਸਲਾ ਨਹੀਂ ਦੇ ਸਕਦੇ।

ਗੁਰਬਾਣੀ ਦਾ ਸ਼ੁੱਧ ਉਚਾਰਨ, ਗੁਰੂ ਸਾਹਿਬ ਜੀ ਦੀ ਪੂਰਨ ਕਿਰਪਾ ਤੋਂ ਬਿਨਾਂ ਹੋਣਾ ਅਸੰਭਵ ਹੈ। ਇਹ ਅਨੁਭਵਤਾ ਦਾ ਵਿਸ਼ਾ ਹੈ। ਪੰਥ ਨੂੰ ਰੱਬੀ ਭੈ-ਭਾਵਨੀ ਵਿਚ ਆ ਕੇ, ਇਸ ਵਿਸ਼ੇ ਤੇ ਦੀਰਘ ਵਿਚਾਰ ਕਰਨ ਦੀ ਲੋੜ ਹੈ। ਸ਼ਬਦਾਂ ਦੇ ਸ਼ੁਧ ਨਿਖੇੜ ਬਾਰੇ ਫ਼ੈਸਲਾ ਨਾ ਤਾਂ ਵੋਟਾਂ ਦੇ ਅਧਾਰ ਤੇ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਕਿਸੇ ਮੌਜੂਦਾ ਵਿਦਵਾਨ ਦੀ ਜ਼ਿਦ ਉਤੇ ਨਿਰਭਰ ਕੀਤਾ ਜਾ ਸਕਦਾ ਹੈ।

ਕੇਂਦਰੀ ਸਿੰਘ ਸਭਾ ਨੂੰ ਗੁਰਬਾਣੀ ਦੇ ਪੂਰਨ ਸਤਿਕਾਰ ਨੂੰ ਮੁਖ ਰਖਦਿਆਂ ਹੋਇਆਂ ਪਾਵਨ ਬੀੜਾਂ ਦੇ ਲੜੀਦਾਰ ਸਰੂਪ ਨੂੰ ਮੁੜ ਪਰਚਲਤ ਕਰਾਉਣ ਦੀ ਸੇਵਾ ਦਾ ਬੀੜਾ ਚੁੱਕਣਾ ਚਾਹੀਦਾ ਹੈ। ਪੰਥ ਦੀ ਚੜ੍ਹਦੀ ਕਲਾ ਹਿਤ ਇਹ ਬੜਾ ਲੋੜੀਂਦਾ, ਵੱਡਾ ਅਤੇ ਸੁਚੱਜਾ ਕਦਮ ਹੈ। ਨਹੀਂ ਤਾਂ ਪੰਥ ਨੂੰ ਢਿਲਿਆਈ ਦੀ ਲਗੀ ਚਲੀ ਆ ਰਹੀ ਵਾਢ ਦੂਣ ਸਵਾਈ ਹੁੰਦੀ ਚਲੀ ਜਾਵੇਗੀ।

ਭੁੱਲਾਂ ਚੁੱਕਾਂ ਵਲੋਂ ਦਾਸ ਖਿਮਾ ਦਾ ਜਾਚਕ ਹੈ।
ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ।

www.AKJ.Org

# "ਵਾਹਿਗੁਰੂ" ਗੁਰ-ਮੰਤਰ ਬਾਰੇ ਟਪਲੇ

ਗੁਰਮਤਿ ਮਰਯਾਦਾ ਅਨੁਸਾਰ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ, ਰਹਿਤ ਰਹਿਣੀ ਵਿਚ ਤਤਪਰ ਹੋ ਕੇ, ਨਾਮ ਬਾਣੀ ਦੀ ਅਤੁਟ ਅਭਿਆਸ ਕਮਾਈ ਕਰਨਾ ਹੀ ਗੁਰਸਿੱਖੀ ਹੈ ਅਤੇ ਕੇਵਲ ਇਸੇ ਤਰ੍ਹਾਂ ਸਹੀ 'ਗੁਰਮੁਖਿ ਗਾਡ ਰਾਹ' ਦੀ ਸੋਝੀ ਪੈ ਸਕਦੀ ਹੈ। ਪਰ ਅਜ ਕਲ੍ਹ ਨਾਮ-ਬਾਣੀ ਤੇ ਰਹਿਤ-ਰਹਿਣੀ ਤੋਂ ਹੀਣੇ ਬੁਧੀ-ਜੀਵੀਆਂ ਤੇ ਚੁੰਚ-ਗਿਆਨੀਆਂ ਨੇ ਸਹਸ-ਸਿਆਣਪੀ ਗਿਆਨ ਘੋਟਣਾ ਹੀ ਸਿੱਖੀ ਸਮਝ ਛਡਿਆ ਹੈ। ਅਜਿਹੇ ਲੋਕ ਸਮੇਂ ਸਮੇਂ ਨਵੇਂ ਨਵੇਂ ਸ਼ੋਸ਼ੇ ਛਡਦੇ ਰਹਿੰਦੇ ਹਨ। ਅਜਿਹੇ ਲੋਕ ਗੁਰਮਤਿ ਦਾ ਕੁਝ ਸੰਵਾਰਨ ਦੀ ਥਾਂ ਉਲਝਣਾਂ ਪੈਦਾ ਕਰ ਰਹੇ ਹਨ ਅਤੇ ਗੁਰਮਤਿ-ਪਰਚਾਰ ਦੀ ਥਾਂ ਗੁਰਮਤਿ-ਪ੍ਰਹਾਰ ਕਰ ਰਹੇ ਹਨ।

ਕਿਸੇ ਮਹਿੰਦਰ ਸਿੰਘ ਸਰੂਰ ਨੇ 'ਵਾਹਿਗੁਰੂ' ਗੁਰ ਮੰਤਰ ਦੇ ਸ਼ਬਦ ਜੋੜਾਂ ਨੂੰ ਗ਼ਲਤ ਸਾਬਤ ਕਰਨ ਖ਼ਾਤਰ ਆਪਣੇ ਮੰਤਕ ਦੀ ਪੂਰਤੀ ਲਈ ਇਕ ਟ੍ਰੈਕਟ ਛਾਪਿਆ ਹੈ, ਜਿਸ ਵਿਚ ਬੇਪੈਂਦੇ ਲੋਟੇ ਵਾਂਗੂ ਬੇਸਿਰੋ-ਪਾ ਦਲੀਲਾਂ ਦੇ ਕੇ ਗੁਰਮੰਤਰ "ਵਾਹਗੁਰੂ" ਸਿਧ ਕੀਤਾ ਹੈ ਅਤੇ 'ਹ' ਅਖਰ ਦੀ ਸਿਹਾਰੀ ਉੱਡਾ ਦਿਤੀ ਹੈ। ਇਨ੍ਹਾਂ ਬੇਥਵੀਆਂ ਦਲੀਲਾਂ ਦੀ ਸਚਾਈ ਇਥੋਂ ਹੀ ਪਰਗਟ ਹੋ ਜਾਂਦੀ ਹੈ ਕਿ ਇਸ ਸਰੂਰ ਨੇ ਭਾਈ ਸਾਹਿਬ ਰਣਧੀਰ ਸਿੰਘ ਜੀ ਸੰਬੰਧੀ ਕਿਸੇ ਬੇਥਵੇ ਤੇ ਅਨਜਾਣ ਸਜਣ ਕੁਲਵੰਤ ਸਿੰਘ ਦੇ ਨਾਂ ਹੇਠ ਆਪਣੇ ਟ੍ਰੈਕਟ "ਵਾਹਗੁਰੂ ਸੰਬੰਧੀ ਖੋਜ ਤੇ ਵਿਚਾਰ" ਪੰਨਾ ੨੩-੨੪ ਤੇ ਇਉਂ ਲਿਖਿਆ ਹੈ—

> "ਜੀ ਹਾਂ, ਮੈਂ ਭਾਈ ਸਾਹਿਬ ਰਣਧੀਰ ਸਿੰਘ ਹੋਰਾਂ ਦੇ ਕਈ ਵਾਰ ਦਰਸ਼ਨ ਕੀਤੇ ਹਨ ਅਤੇ ਉਨ੍ਹਾਂ ਦਾ ਅਖੰਡ ਕੀਰਤਨ ਸੁਣਿਆ ਹੈ। ਭਾਈ ਸਾਹਿਬ ਜੀ ਆਪ ਆਪਣੇ ਮੁਖ ਤੋਂ ਹਮੇਸ਼ਾ ਗੁਰਮਤਿ ਨਾਮ ਗੁਰ ਮੰਤ੍ਰ "ਵਾਹਗੁਰੂ" ਉਚਾਰਦੇ ਸਨ। ਹਾਹੇ ਨੂੰ ਸਿਹਾਰੀ ਲਾ ਕੇ ਭਾਵ 'ਵਾਹਿਗੁਰੂ' ਉਚਾਰਨ ਵਾਲੇ ਨੂੰ ਰੋਕਦੇ ਟੋਕਦੇ ਸਨ। ਉਹ ਆਪ ਅਤੇ ਉਹਨਾਂ ਦੇ ਅਖੰਡ ਕੀਰਤਨੀ ਜਥੇ ਨਾਮ ਦਾ ਸਿਮਰਨ ਕਰਨ ਵੇਲੇ ਗੁਰ ਮੰਤਰ "ਵਾਹਗੁਰੂ" ਉਚਾਰਦੇ ਸਨ ਤੇ ਹਨ।"

ਕੈਸੀ ਲਗਵ ਤੇ ਬੇਬੁਨਿਆਦੀ ਕਹਾਣੀ ਹੈ! ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਸੰਗੀ ਸਾਥੀ ਅਤੇ ਅਖੰਡ ਕੀਰਤਨੀ ਜਥੇ ਵਿਚ ਵਿਚਰਨ ਵਾਲਾ ਕੋਈ ਵੀ ਸਧਾਰਨ ਤੋਂ ਸਧਾਰਨ ਸਿੰਘ ਕਦੇ ਵੀ ਇਸ ਮਨ-ਘੜਤ ਢਕੌਂਸਲੇ ਨੂੰ ਪਰਵਾਨ ਨਹੀਂ ਕਰ ਸਕਦਾ। ਭਾਈ ਸਾਹਿਬ ਦੇ ਨਿਕਟਵਰਤੀ ਸੰਗੀ ਸਾਥੀ ਜਥੇ ਵਿਚ ਵਿਚਰਨ ਵਾਲੇ ਅਨੇਕਾਂ ਪੁਰਾਣੇ ਸਿੰਘ ਇਸ ਵੇਲੇ ਮੌਜੂਦ ਹਨ ਅਤੇ ਕਿਸੇ ਤੋਂ ਵੀ ਇਸ ਗੱਲ ਦੀ ਪੁਸ਼ਟੀ ਨਹੀਂ ਹੋ ਸਕਦੀ ਕਿ ਭਾਈ ਸਾਹਿਬ ਨੇ ਕਦੇ "ਵਾਹਗੁਰੂ" ਗੁਰ ਮੰਤਰ ਉਚਾ-ਰਿਆ ਹੋਵੇ ਅਤੇ "ਵਾਹਿਗੁਰੂ" ਉਚਾਰਨ ਵਾਲਿਆਂ ਨੂੰ ਟੋਕ-ਟੁਕਾਈ ਕੀਤੀ ਹੋਵੇ।

ਅੰਮ੍ਰਿਤ-ਸਿੰਚਾਰ ਸਮੇਂ ਅੰਮ੍ਰਿਤ-ਅਭਿਲਾਖੀ ਜਨਾਂ ਨੂੰ, ਅੰਮ੍ਰਿਤ ਛਕਾਉਣ ਉਪਰੰਤ ਗੁਰ ਮੰਤਰ ਪੰਜ ਪਿਆਰੇ ਦ੍ਰਿੜ੍ਹ ਕਰਾਉਂਦੇ ਹਨ। ਅੰਮ੍ਰਿਤ ਛਕਾਉਣ ਤੇ ਗੁਰ ਮੰਤਰ ਦ੍ਰਿੜ੍ਹ ਕਰਾਉਣ ਦੀ ਜੋ ਗੁਰਮਤਿ-ਜੁਗਤਿ ਭਾਈ ਸਾਹਿਬ ਦੇ ਹੁੰਦਿਆਂ ਪਰਚਲਤ ਸੀ, ਹੁਣ ਵੀ ਉਹੀ ਗੁਰਮਤਿ-ਜੁਗਤਿ ਹੀ ਓਵੇਂ ਕਿਵੇਂ ਚਲ ਰਹੀ ਹੈ। ਓਦੋਂ ਵੀ ਤੇ ਹੁਣ ਵੀ ਪੰਜਾਂ ਪਿਆਰਿਆਂ ਦੇ ਸਮਾਗਮ ਵਿਚ "ਵਾਹਿਗੁਰੂ" ਗੁਰ ਮੰਤਰ ਦੇ ਲਗ-ਅਖਰੀ ਰੂਪ ਬਾਰੇ ਕਦੇ ਵੀ ਕਿਸੇ ਨੂੰ ਕੋਈ ਸ਼ੰਕਾ ਉਪਜਿਆ ਹੀ ਨਹੀਂ।

ਪਤਾ ਨਹੀਂ, ਇਨ੍ਹਾਂ ਗਪੌੜ-ਪੰਥੀਆਂ ਨੇ ਕਿਥੋਂ ਉਪਰੋਕਤ ਬੇਬੁਨਿਆਦ ਕਹਾਣੀ ਘੜ ਮਾਰੀ ਹੈ। ਅਸੀਂ ਭਰੋਸੇ ਨਾਲ ਕਹਿ ਸਕਦੇ ਹਾਂ ਕਿ ਇਨ੍ਹਾਂ ਟਪਲੇਬਾਜ਼ ਲੋਕਾਂ ਨੇ ਨਾ ਕਦੇ 'ਵਾਹਿਗੁਰੂ' ਹੀ ਸਿਮਰਿਆ ਹੈ ਅਤੇ ਨਾ ਹੀ ਆਪਣੇ ਕਥਨ ਅਨੁਸਾਰ "ਵਾਹਗੁਰੂ" ਸ਼ਬਦ ਦੇ ਸਿਮਰਨ ਹਾਰੇ ਹਨ।



www.AKJ.Org

ਇਨ੍ਹਾਂ ਦਾ ਨਿਸ਼ਾਨਾ ਕੇਵਲ ਭੁਲੇਖੇ ਤੇ ਟਪਲੇ ਪਾਉਣਾ ਹੈ।

ਸਾਡੇ ਪਾਸ ਭਾਈ ਸਾਹਿਬ ਰਣਧੀਰ ਸਿੰਘ ਜੀ ਦੀਆਂ ਕਈ ਇਕ ਹੱਥ-ਲਿਖਤ ਚਿੱਠੀਆਂ ਸੁਰੱਖਿਅਤ ਹਨ, ਜਿਨ੍ਹਾਂ ਵਿਚ ਜਿਥੇ ਕਿਥੇ ਵੀ ਵਾਹਿਗੁਰੂ ਸ਼ਬਦ ਆਇਆ ਹੈ ਉਹ ਹਾਹੇ ਨੂੰ ਸਿਹਾਰੀ ਸਹਿਤ ਹੀ "**ਵਾਹਿਗੁਰੂ**" ਲਿਖਿਆ ਹੋਇਆ ਹੈ। ਹਰੇਕ ਚਿੱਠੀ ਦੇ ਉਪਰ ਫ਼ਤਹ ਬੁਲਾਉਂਦਿਆਂ ਦੋ ਵਾਰ ਤਾਂ "ਵਾਹਿਗੁਰੂ" ਜ਼ਰੂਰ ਹੀ ਲਿਖਿਆ ਹੋਇਆ ਹੈ। ਭਾਈ ਸਾਹਿਬ ਜੀ ਦੀ ਹੱਥ ਲਿਖਤ ਚਿਠੀ ਦਾ ਫ਼ੋਟੋ-ਬਲਾਕ ਅਸਾਂ "ਸੂਰਾ" ਜੁਲਾਈ ੧੯੭੮ ਦੇ ਭਾਈ ਸਾਹਿਬ ਸ਼ਤਾਬਦੀ ਅੰਕ ਵਿਚ ਛਾਪਿਆ ਸੀ ਅਤੇ ਕੁਝ ਹੋਰ ਚਿੱਠੀਆਂ ਦੇ ਹੂ-ਬਹੂ ਨਮੂਨੇ ਛਾਪੇ ਹੋਏ ਹਨ। ਉਨ੍ਹਾਂ ਨੂੰ ਵੇਖਿਆ ਜਾ ਸਕਦਾ ਹੈ।

ਭਾਈ ਸਾਹਿਬ ਰਣਧੀਰ ਸਿੰਘ ਜੀ ਰਚਿਤ ਵਡੀਆਂ ਪੁਸਤਕਾਂ ਅਤੇ ਟ੍ਰੈਕਟ ਚਾਲੀ ਕੁ ਹਨ। ਉਨ੍ਹਾਂ ਵਿਚੋਂ ਕੇਵਲ ਦੋ ਪੁਸਤਕਾਂ ਭਾਈ ਸਾਹਿਬ ਜੀ ਦੇ ਗੁਰਪੁਰੀ ਪਿਆਨੇ ਕਰ ਜਾਣ ਪਿਛੋਂ ਛਪੀਆਂ ਹਨ, ਬਾਕੀ ਸਾਰੀਆਂ ਪੁਸਤਕਾਂ ਭਾਈ ਸਾਹਿਬ ਜੀ ਦੇ ਹੁੰਦਿਆਂ ਹੀ ਛਪ ਚੁਕੀਆਂ ਸਨ। ਇਨ੍ਹਾਂ ਪੁਸਤਕਾਂ ਵਿਚ ਹਜ਼ਾਰਾਂ ਤੋਂ ਵੀ ਵਧ ਵਾਰੀ "ਵਾਹਿਗੁਰੂ" ਸ਼ਬਦ ਹੀ ਛਪਿਆ ਹੋਇਆ ਹੈ ਅਤੇ ਉਨ੍ਹਾਂ ਵਿਚੋਂ ਸਭ ਤੋਂ ਪਹਿਲ ਪ੍ਰਿਥਮ ਪੁਸਤਕ ਵਿਚ ਵੀ ਕਿਤੇ "ਵਾਹਿਗੁਰੂ" ਸ਼ਬਦ ਸਿਹਾਰੀ ਤੋਂ ਬਿਨਾਂ "ਵਾਹਗੁਰੂ" ਰੂਪ ਵਿਚ ਨਹੀਂ ਮਿਲਦਾ। ਗੁਰਮੰਤਰ ਸੰਬੰਧੀ ਅਜਿਹੀ ਮੂਲਿਕ ਰੂਪ ਅਸੁਧੀ ਨੂੰ ਭਾਈ ਸਾਹਿਬ ਆਪਣੀ ਮੌਜੂਦਗੀ ਵਿਚ ਆਪਣੀਆਂ ਪੁਸਤਕਾਂ ਵਿਚ ਕਿਵੇਂ ਥਾਂ-ਪਰ-ਥਾਂ ਛਪਣ ਦਿੰਦੇ?

ਸੋ ਇਹ ਟਪਲੇ-ਬਾਜ਼ਾਂ ਦੀ ਮੰਤਕੀ ਦਲੀਲ ਬਿਲਕੁਲ ਬੇਥਵੀ ਤੇ ਬੇਬੁਨਿਆਦ ਹੈ।

(੨)

ਇਸੇ ਤਰ੍ਹਾਂ ਹੀ ੧੯੩੪ ਈਸਵੀ ਵਿਚ ਗਿਆਨੀ ਲਾਲ ਸਿੰਘ ਭਸੌੜੀਏ ਨੇ ਗੁਰ ਮੰਤਰ ਸੰਬੰਧੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਨਾਂ ਹੇਠ ਟਪਲਾ ਪਾਉਣ ਦੀ ਕੋਸ਼ਸ਼ ਕੀਤੀ ਸੀ। ਉਸ ਨੇ ਆਪਣੇ ਅਖ਼ਬਾਰ ਖ਼ਾਲਸਾ ਪਾਰਲੀਮੈਂਟ ਗਜ਼ਟ ਵਿਚ ਇਉਂ ਛਾਪਿਆ ਸੀ ਕਿ ਸ੍ਰੀ ਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਨੂੰ (ਐਬਟਾਬਾਦ ਵਿਚ) "ਵਾਹੁਗੁਰ" ਨਾਮ ਪ੍ਰਾਪਤ ਹੋਇਆ ਸੀ।

ਉਪਰੋਕਤ ਟਪਲੇ ਦੀ ਕਲੀ ਖੋਲ੍ਹਣ ਲਈ ਭਾਈ ਸਾਹਿਬ ਜੀ ਨੇ ਇਕ ਲੇਖ ਲਿਖਿਆ ਸੀ, ਜੋ ਖਾਲਸਾ ਸਮਾਚਾਰ ੨੫ ਅਕਤੂਬਰ ੧੯੩੪ ਦੇ ਪਰਚੇ ਵਿਚ ਛਪਿਆ ਸੀ, ਜੋ ਕਿ ਹੂਬਹੂ ਹੇਠ ਦਿਤਾ ਜਾਂਦਾ ਹੈ।

—'ਸੂਰਾ' ਪਰਵਾਰ

# ਗਿਆਨੀ ਲਾਲ ਸਿੰਘ ਦੀਆਂ ਕਜ-ਫ਼ਹਿਮੀਆਂ ਅਤੇ ਗ਼ਲਤ-ਬਿਆਨੀਆਂ

[ਸ੍ਰੀਮਾਨ ਭਾਈ ਸਾਹਿਬ (ਸੰਤ) ਰਣਧੀਰ ਸਿੰਘ ਜੀ ਦਾ ਬਿਆਨ]

ਅਜ ਦਾਸ ਨੂੰ ਕਿਸੇ ਸਜਣ ਨੇ ਮਹੀਨਾ ਅੱਸੂ ਦੇ ਸੱਜਰੇ ਖਾਲਸਾ ਪਾਰਲੀਮੈਂਟ ਗਜ਼ਟ ਵਿਚੋਂ "ਸੁਤੇ ਸਿੱਧ ਵਾਹੁਗੁਰ ਨਾਮ ਪ੍ਰਕਾਸ਼" ਦੇ ਸਿਰਲੇਖ ਹੇਠਾਂ ਲਿਖਿਆ ਗਿਆਨੀ ਲਾਲ ਸਿੰਘ ਦਾ ਇਕ ਲੇਖ ਦਿਖਾਇਆ, ਜਿਸ ਨੂੰ ਪੜ੍ਹ ਕੇ ਪ੍ਰਤੀਤ ਹੋਇਆ ਕਿ ਗਿਆਨੀ ਲਾਲ ਸਿੰਘ ਹੁਰੀਂ ਦਾਸ ਦੇ ਨਾਮ ਦਾ ਹਵਾਲਾ ਦੇ ਕੇ ਗੁਰਮੰਤ੍ਰ ਪ੍ਰਥਾਇ ਪੰਥ ਵਿਖੇ ਗ਼ਲਤ-ਫ਼ਹਿਮੀ ਦਾ ਸ਼ਿਕਾਰ ਹੋ ਰਹੇ ਯਾ ਜਾਣ ਬੁਝ ਕੇ ਹਠ-ਧਰਮੀ ਨਾਲ ਗ਼ਲਤ-ਬਿਆਨੀਆਂ ਕਰ ਰਹੇ ਹਨ। ਗਿਆਨੀ ਲਾਲ ਸਿੰਘ ਹੁਰੀਂ ਹੱਛੀ ਤਰ੍ਹਾਂ ਏਸ ਗੱਲ ਤੋਂ ਜਾਣੂੰ ਹਨ ਕਿ ਦਾਸ ਹਰਗਿਜ਼ ਆਪਣੀ ਹਯਾਤ ਵਿਚ ਕਦੇ ਭੀ 'ਵਾਹੁਗੁਰ' ਗੁਰਮੰਤ੍ਰ ਦਾ ਸ਼ਰਧਾਵਾਨ ਯਾ



www.AKJ.Org

ਸਿਮਰਨਹਾਰਾ ਨਹੀਂ ਹੋਇਆ। *ਐਬਟਾਬਾਦ ਵਾਲੇ ਵਰਤੇ ਬਿਰਤਾਂਤ ਪਸਚਾਤ ਦਾਸ ਦਾ ਬਹੁਤ ਸਾਰਾ ਸਮੀਪੀ ਮੇਲ-ਜੋਲ ਅਤੇ ਨਾਮ ਅਭਿਆਸ ਅਤੇ ਸ਼ਬਦ-ਮਿਲਾਵਾ ਗਿਆਨੀ ਲਾਲ ਸਿੰਘ ਜੀ ਦੇ ਨਾਲ ਰਿਹਾ ਹੈ। ਓਦੋਂ ਦੇ ਮੇਲ-ਮਿਲਾਪ ਤੋਂ ਗਿਆਨੀ ਲਾਲ ਸਿੰਘ ਜੀ ਨੂੰ ਭਲੀ ਭਾਂਤ ਪ੍ਰਤੀਤ ਹੈ ਕਿ ਦਾਸ ਕਿਸ ਗੁਰਮੰਤ੍ਰ ਦਾ ਸ਼ਰਧਾਲੂ ਅਤੇ ਸਿਮਰਨਹਾਰਾ ਰਿਹਾ ਹੈ। ਗਿਆਨੀ ਲਾਲ ਸਿੰਘ ਜੀ ਆਪਣੇ ਅੰਤਰ-ਆਤਮੇ ਕੰਘੀ ਮਾਰ ਕੇ ਦੇਖਣ ਕਿ ਉਹ ਖ਼ੁਦ ਭੀ ਓਹਨੀਂ ਦਿਨੀਂ ਕਿਸ ਗੁਰਮੰਤ੍ਰ ਦੇ ਰਟਣਹਾਰੇ ਸਨ। ਅਤੇ ਪੰਚ ਖਾਲਸਾ ਦੀਵਾਨ ਅੰਦਰ ਭੀ ਕੇਹੜਾ ਗੁਰਮੰਤ੍ਰ ਪਰਵਾਨ ਅਤੇ ਪ੍ਰਸਿਧ ਹੈ ਸੀ। ਅਤੇ ਪੰਚ ਖਾਲਸਾ ਦੀਵਾਨ ਦੀ ਰਚੀ 'ਰਹਿਤ ਪ੍ਰਕਾਸ਼' ਨਾਮੇ ਪੁਸਤਕ ਦੀਆਂ ਪਹਿਲੀਆਂ ਐਡੀਸ਼ਨਾਂ ਅੰਦਰ ਕਿਸ ਗੁਰਮੰਤ੍ਰ ਦੀ ਪ੍ਰਮਾਣਤਾ ਪ੍ਰੋੜ੍ਹਤਾ ਹੈ। ਮੇਰੀ ਗੁਰਮੰਤ੍ਰ-ਸ਼ਰਧਾ-ਭਾਵਨੀ ਅਤੇ ਸਿਮਰਨ ਬਿਰਤੀ ਦੇ ਨਿਕਟੀ ਜਾਣੂੰ ਹੋ ਕੇ ਭੀ ਗਿਆਨੀ ਲਾਲ ਸਿੰਘ ਜੀ ਮੇਰੀ ਪ੍ਰਥਾਇ ਏਤਨੀਆਂ ਗ਼ਲਤ-ਫ਼ਹਿਮੀਆਂ ਫੈਲਾ ਰਹੇ ਹਨ ਜਿਸ ਤੋਂ ਕਿ ਓਹਨਾਂ ਦੀ ਕਜ-ਫ਼ਹਿਮੀ ਵਾਲੀ ਹਠ-ਧਰਮੀ ਉਤੇ ਅਫ਼ਸੋਸ ਕੀਤੇ ਬਿਨਾ ਰਿਹਾ ਨਹੀਂ ਜਾ ਸਕਦਾ। ਗਿਆਨੀ ਜੀ ਦੀ ਗ਼ਲਤ ਫ਼ਹਿਮੀ ਦਾ ਮੋਟਾ ਜਿਹਾ ਨਮੂਨਾ ਗਿਆਨੀ ਜੀ ਦੇ ਉਪਰ ਦਸੇ ਸੱਜਰੇ ਲੇਖ ਵਿਚ ਗਿਆਨੀ ਨਾਹਰ ਸਿੰਘ ਜੀ ਦੇ ਲੇਖ ਦੀ ਉਸ ਟੀਕਾ ਟਿਪਣੀ ਤੋਂ (ਜੋ ਗਿਆਨੀ ਲਾਲ ਸਿੰਘ ਜੀ ਨੇ ਕੀਤੀ ਹੈ) ਹੀ ਭਲੀ ਬਿਧ ਪ੍ਰਗਟ ਹੁੰਦਾ ਹੈ।

ਗਿਆਨੀ ਨਾਹਰ ਸਿੰਘ ਜੀ ਦੀ ਲਿਖਤ ਦਾ ਉਤਾਰਾ ਗਿਆਨੀ ਲਾਲ ਸਿੰਘ ਜੀ ਨੇ ਆਪਣੇ ਅਸੂ ਦੇ ਪਾਰਲੀਮੈਂਟ ਗਜ਼ਟ ਵਿਚ ਉਤਾਰਿਆ ਹੈ ਜੋ ਇਉਂ ਹੈ--"ਅੰਮ੍ਰਿਤ ਛਕਣ ਸਮੇਂ ਪੰਜਾਂ ਪਿਆਰਿਆਂ ਤੋਂ ਬਿਨਾਂ ਇਕ ਵਖਰੇ ਸਜਣ ਵਲੋਂ ਨਾਮ (ਗੁਰਮੰਤ੍ਰ) ਦਿਤੇ ਜਾਣ ਸਮੇਂ ਆਪ ਦੇ ਚਿਤ ਵਿਚ ਕੁਛ ਅਣ-ਹੋਇਆ ਹਿਲਾਉ ਪੈਦਾ ਹੋਣ ਦੇ ਸਬੱਬ ਆਪ ਦੇ ਅੰਤਰ-ਆਤਮੇ ਨਾਮ ਦ੍ਰਿੜ੍ਹ ਨਾ ਹੋਇਆ... ..." ਤਿਸ ਪਰ ਗਿਆਨੀ ਲਾਲ ਸਿੰਘ ਜੀ ਆਪਣੀ ਸੂਚਨਾ ਦਾ ਨੋਟ ਚੜ੍ਹਾਉਂਦੇ ਹੋਏ ਇਉਂ ਲਿਖਦੇ ਹਨ—"ਉਕਤ ਲਿਖਤ ਦਸਦੀ ਹੈ ਕਿ ਪੰਜ ਪਿਆਰੇ ਆਪ ਨੂੰ ਨਾਮ ਦ੍ਰਿੜ੍ਹ ਨਹੀਂ ਕਰਾ ਸਕੇ, ਤਦੇ ਆਪ ਨੇ ਕਿਸੇ ਇਕ ਅਡਰੇ ਸਜਣ ਪਾਸੋਂ ਨਾਮ (ਗੁਰਮੰਤ੍ਰ) ਲਿਤਾ ਅਤੇ ਐਸਾ ਕਰਨਾ ਕਰਾਉਣਾ ਮਨਮਤ ਭੀ ਹੈ।"

ਗਿਆਨੀ ਨਾਹਰ ਸਿੰਘ ਜੀ ਦੀ ਉਪਰਲੀ ਲਿਖਤ ਵਿਚੋਂ ਗਿਆਨੀ ਲਾਲ ਸਿੰਘ ਜੀ ਦਾ ਇਹ ਭਾਵ ਕਢਣਾ ਕਿ ਦਾਸ ਨੇ ਕਿਸੇ ਇਕ ਅਡਰੇ ਸਜਣ ਪਾਸੋਂ ਨਾਮ (ਗੁਰਮੰਤ੍ਰ) ਲਿਤਾ, ਬੜੀ ਭਾਰੀ ਗਲਤ-ਫ਼ਹਿਮੀ ਹੈ। ਗਿਆਨੀ ਨਾਹਰ ਸਿੰਘ ਜੀ ਦਾ ਕੁਛ ਹੋਰ ਭਾਵ ਸੀ ਅਤੇ ਪੰਚਖੰਡੀ ਗਿਆਨੀ ਜੀ ਨੇ ਕੁਛ ਹੋਰ ਭਾਵ ਕਢ ਲਿਆ। ਅਸਲ ਬਿਰਤਾਂਤ ਇਸ ਪ੍ਰਕਾਰ ਹੈ ਜੋ ਬਕਾਪੁਰ ਵਿਖੇ ਅੰਮ੍ਰਿਤ ਸਮਾਗਮ ਸਮੇਂ ਇੰਨ ਬਿੰਨ ਵਰਤਿਆ। ਪੰਜ ਪਿਆਰੇ ਅਜੇ ਅੰਮ੍ਰਿਤ ਤਿਆਰ ਕਰਨ ਲਗੇ ਨਹੀਂ ਸਨ ਤਾਂ ਉਪਰੋਂ ਬਾਬੂ ਤੇਜਾ ਸਿੰਘ ਨੇ ਮੱਲੋ ਮੱਲੀ ਆ ਕੇ ਸਾਰੇ ਅੰਮ੍ਰਿਤ ਅਭਿਲਾਖੀ ਸਜਣਾਂ ਦੇ ਕੰਨਾਂ ਵਿਚ ਫੂਕਾਂ ਮਾਰਨੀਆਂ ਸ਼ੁਰੂ ਕਰ ਦਿਤੀਆਂ, ਜਿਸ ਨੂੰ ਕਿ ਉਹ ਗੁਰਮੰਤ੍ਰ ਦੇਣਾ ਆਖਦੇ ਸਨ। ਅੰਮ੍ਰਿਤ ਸਮਾਗਮ ਸਮੇਂ ਅਸੀਂ ਬੋਲ ਤਾਂ ਕੁਛ ਸਕਦੇ ਹੀ ਨਹੀਂ ਸੀ। ਪਰ ਬਾਬੂ ਜੀ ਦੀ ਇਹ ਮਨਮਤ ਸਾਰਿਆਂ ਨੂੰ ਹੀ ਨਾਗਵਾਰ ਗੁਜ਼ਰੀ, ਖਾਸ ਕਰ ਦਾਸ ਨੂੰ ਅਤੇ ਸੰਤ ਲਖਬੀਰ ਸਿੰਘ ਜੀ ਨੂੰ ਅਤੇ ਭਾਈ ਭਰਪੂਰ ਸਿੰਘ ਜੀ ਨੂੰ ਬੜੀ ਹੀ ਨਾਗਵਾਰ ਗੁਜ਼ਰੀ। ਅੰਮ੍ਰਿਤ ਸਮਾਗਮ ਦੇ ਸਮਾਪਤ ਹੋਣ ਪਸਚਾਤ ਦਾਸ ਨੇ

*ਐਬਟਾਬਾਦ ਵਿਖੇ ਨਾਮ ਪ੍ਰਾਪਤੀ(ਗੁਰਮੰਤਰ)ਦਾ ਵਾਪਰਿਆ ਸੰਬੰਧਤ ਬਿਰਤਾਂਤ ਇਸ ਲੇਖ ਦੇ ਅੰਤ ਵਿਚ ਦਿਤਾ ਗਿਆ ਹੈ।



www.AKJ.Org

ਬਾਬੂ ਤੇਜਾ ਸਿੰਘ ਨੂੰ ਕਿਹਾ ਕਿ ਆਪ ਨੇ ਬੜੀ ਹੀ ਮਨਮਤ ਕੀਤੀ। ਮਨਮਤ ਹੀ ਨਹੀਂ, ਬਲਕਿ **ਅਪ੍ਰਾਧ** ਕੀਤਾ। ਜੇ ਆਪ ਇਹ ਮਨਮਤ ਨਾ ਕਰਦੇ ਅਤੇ ਏਹੋ ਗੁਰਮੰਤ੍ਰ ਪੰਜੇ ਪਿਆਰੇ ਦ੍ਰਿੜ੍ਹਾਉਂਦੇ ਤਾਂ ਬੇੜੇ ਪਾਰ ਹੋ ਜਾਣੇ ਸਨ। **ਤਿਸ ਪਰ ਬਾਬੂ ਜੀ ਨੇ ਆਪਣੀ ਭੁਲ ਮੰਨੀ**--ਪਰ ਯਾਦ ਰਹੇ ਕਿ ਜੋ ਗੁਰਮੰਤ੍ਰ ਉਸ ਸਮੇਂ ਬਾਬੂ ਤੇਜਾ ਸਿੰਘ ਨੇ ਕੰਨਾਂ ਵਿਚ ਫੂਕਿਆ 'ਵਾਹੁਗੁਰ' ਅੱਖਰ ਲਗਾਂ ਅਤੇ ਲਹਿਜੇ ਵਾਲਾ ਨਹੀਂ ਸੀ। ਸੋ ਮਨਮਤ ਤਾਂ ਕੀਤੀ ਬਾਬੂ ਤੇਜਾ ਸਿੰਘ ਜੀ ਨੇ ਅਤੇ ਗਿਆਨੀ ਲਾਲ ਸਿੰਘ ਇਸ ਮਨਮਤ ਦਾ ਇਲਜ਼ਾਮ ਮੇਰੇ ਉਤੇ ਲਾਉਂਦੇ ਹਨ। ਗਿਆਨੀ ਨਾਹਰ ਸਿੰਘ ਜੀ ਨੇ ਮੇਰੇ ਨਿਜ-ਕਥੇ ਬਿਰਤਾਂਤ ਦਾ ਸੰਖੇਪ ਸਾਰ ਲਿਖਦੇ ਹੋਏ ਕੁਛ ਗਲਤੀ ਨਹੀਂ ਕੀਤੀ। ਉਹ ਤਾਂ ਸਾਫ ਲਿਖਦੇ ਹਨ ਕਿ ਅੰਮ੍ਰਿਤ ਛਕਣ ਸਮੇਂ ਪੰਜਾਂ ਪਿਆਰਿਆਂ ਤੋਂ ਵਖਰੇ ਇਕ ਸਜਣ ਨੇ ਨਾਮ ਦਿਤਾ। ਪਰ ਓਹਨਾਂ ਖੋਹਲ ਕੇ ਨਹੀਂ ਦਸਿਆ ਕਿ ਕਿਵੇਂ ਦਿਤਾ ਗਿਆ। ਪਰ ਗਿਆਨੀ ਲਾਲ ਸਿੰਘ ਜੀ ਖਿੱਚ ਧਾੜ ਕੇ, ਅਥਵਾ ਅਣਾਚੇਤ ਗਲਤ-ਫ਼ਹਿਮੀ ਨਾਲ ਉਸ ਇਬਾਰਤ ਦਾ ਇਉਂ ਲਖਣ ਲਾਉਂਦੇ ਹਨ ਕਿ ਦਾਸ ਨੇ ਕਿਸੇ ਅੱਡਰੇ ਸਜਣ ਪਾਸੋਂ ਗੁਰਮੰਤ੍ਰ ਲੈਣ ਦੀ ਮਨਮਤ ਕੀਤੀ, ਅਤੇ ਇਸ ਅੰਮ੍ਰਿਤ ਸਮਾਗਮ ਤੋਂ ਉਪ੍ਰੰਤ ਹੀ ਕਿਸੇ ਵਖਰੇ ਸਜਣ ਪਾਸੋਂ ਨਾਮ ਲਿਆ। ਏਸ ਤਰ੍ਹਾਂ ਗਿਆਨੀ ਲਾਲ ਸਿੰਘ ਜੀ ਨੇ 'ਵੇਮੁਹਤਾਜਾ ਵੇਪਰਵਾਹੁ ॥ ਨਾਨਕ ਦਾਸ ਕਹਹੁ ਗੁਰ ਵਾਹੁ' ਵਾਲੇ ਆਵਾਜ਼ੇ ਪ੍ਰਥਾਏ ਇਹ ਕੋਝਾ ਲਖਣ ਲਾਇਆ ਹੈ ਕਿ ਦਾਸ ਨੇ 'ਵਾਹੁਗੁਰ' ਲਗ ਅਖਰੀ ਪਦ ਨੂੰ ਹੀ ਨਾਮ ਗੁਰਮੰਤ੍ਰ ਕਰ ਕੇ ਲਖਿਆ, ਗਿਆਨੀ ਲਾਲ ਸਿੰਘ ਜੀ ਦਾ ਅਜਿਹਾ ਲਖਣ ਨਿਰੀ ਗਲਤ-ਫਹਿਮੀ ਹੈ। ਪ੍ਰਥਾਏ ਗੁਰਵਾਕਾਂ ਦੇ ਰਮਜ਼ ਮਾਤਰੀ ਇਸ਼ਾਰੇ (ਕਿਨਾਏ) ਹੀ ਹੋਇਆ ਕਰਦੇ ਹਨ। ਹੂਬਹੂ ਓਹੀ ਅੱਖਰ ਨਹੀਂ ਹੋਇਆ ਕਰਦੇ। ਸਮਝਣ ਵਾਲੇ ਰਮਜ਼ਾਂ ਸਮਝ ਜਾਂਦੇ ਹਨ। ਜੇਕਰ ਗਿਆਨੀ ਨਾਹਰ ਸਿੰਘ ਜੀ ਵਿਸਥਾਰ ਸਹਿਤ ਇਹ ਬਿਰਤਾਂਤ ਲਿਖ ਦੇਂਦੇ ਤਾਂ ਗਿਆਨੀ ਲਾਲ ਸਿੰਘ ਜੀ ਦੀ ਇਹ ਗਲਤ-ਫ਼ਹਿਮੀ ਦੂਰ ਹੋ ਜਾਂਦੀ। ਦਾਸ ਨੇ ਗਿਆਨੀ ਨਾਹਰ ਸਿੰਘ ਜੀ ਪ੍ਰਤੀ ਆਪਣਾ ਨਿਜ-ਬੀਤਿਆ ਬਿਰਤਾਂਤ ਕਈ ਇਕ ਸੁਹਿਰਦ ਸਜਣਾਂ ਦੀ ਜਿਗਰੀ ਅਤੇ ਤੀਬਰ ਪ੍ਰੇਰਨਾ ਅਨੁਸਾਰ ਨਿਕਟਵਰਤੀ ਸਤਿਸੰਗੀ ਸਜਣਾਂ ਦੇ ਸੀਨਾ-ਬਸੀਨਾ ਗੁਪਤ ਰਖਣ ਲਈ ਕਈ ਬਰਸ ਹੋਏ, ਜੇਲ੍ਹ ਤੋਂ ਲਿਖ ਕੇ ਭੇਜਿਆ ਸੀ। ਉਹਨਾਂ ਨੇ ਆਪਣੇ ਪ੍ਰੇਮ ਦੇ ਉਛਾਲੇ ਵਿਚ ਆ ਕੇ ਇਸ ਬਿਰਤਾਂਤ ਨੂੰ ਛਾਪਣ ਛਪਵਾਉਣ ਦੀ ਜੋ ਬਿਹਬਲਤਾ ਪ੍ਰਗਟਾਈ ਹੈ, ਇਸ ਦੇ ਜ਼ਿਮੇਵਾਰ ਓਹ ਆਪ ਹਨ। ਹੁਣ ਗਿਆਨੀ ਨਾਹਰ ਸਿੰਘ ਜੀ ਨੂੰ ਖੁਲ੍ਹੀ ਇਜਾਜ਼ਤ ਹੈ ਕਿ ਉਸ ਬਿਰਤਾਂਤ ਨੂੰ ਦਾਸ ਦੇ ਨਿਜ ਅੱਖਰਾਂ ਵਿਚ ਹੀ ਪ੍ਰਕਾਸ਼ਤ ਕਰ ਦੇਣ। ਗਿਆਨੀ ਲਾਲ ਸਿੰਘ ਜੀ ਨੂੰ ਲਾਜ਼ਮ ਨਹੀਂ ਸੀ ਕਿ ਗੁਰਮੰਤ੍ਰ ਦੇ ਇਸ ਸੰਬਾਦ ਵਿਚ ਦਾਸ ਦਾ ਨਾਮ ਖ਼ਾਹ ਮਖ਼ਾਹ ਆਪਣੀ ਪੁਸ਼ਟੀ ਲਈ ਵਰਤਦੇ। ਇਸ ਛੇੜ ਛਾੜ ਅੰਦਰ ਜੋ ਜੋ ਭੀ ਜ਼ਾਤੀ ਅਟੈਕ ਉਟੰਕਣ ਦਾਸ ਪ੍ਰਥਾਏ ਹੋਣਗੇ ਉਸ ਦੀ ਜ਼ਿਮੇਵਾਰੀ ਗਿਆਨੀ ਲਾਲ ਸਿੰਘ ਜੀ ਦੇ ਸਿਰ ਹੋਵੇਗੀ, ਕਿਉਂਕਿ ਪਹਿਲ ਉਨ੍ਹਾਂ ਕੀਤੀ ਹੈ।

[ਰਣਧੀਰ ਸਿੰਘ

### *ਭਾਈ ਸਾਹਿਬ ਰਣਧੀਰ ਸਿੰਘ ਜੀ ਨੂੰ*

## ਐਬਟਾਬਾਦ ਵਿਖੇ ਨਾਮ-ਪ੍ਰਾਪਤੀ—ਅਲੌਕਿਕ ਬਿਰਤਾਂਤ

[ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਆਪਣੀ ਕਲਮ ਤੋਂ]

ਮੈਂ ਆਪਣੀ ਗੁਫਾ ਵਿਚੋਂ ਉਠ ਕੇ ਹੇਠਾਂ ਆਉਣ ਨੂੰ ਤਿਆਰ ਹੋ ਗਿਆ ਤੇ ਪਊਏ ਪਾਈ ਹੌਲੀ ਹੌਲੀ ਗੁਰਦੁਆਰੇ ਵਲ ਧਾਈ ਕੀਤੀ।

ਗੁਰ-ਮੰਤਰ ਦੇ ਸਪੱਸ਼ਟਾਉਣ ਦੀ ਰਮਜ਼ੀ ਖੇਡ ਨੂੰ ਗੁਰ-ਦਵਾਰਿਓਂ ਅੰਕ੍ਰਿਤ ਹੋਣ ਦੀ ਭਾਵਨਾ



www.AKJ.Org

ਹਿਰਦੇ ਅੰਦਰ ਰਖਦੇ ਹੋਏ ਗੁਰਦਵਾਰੇ ਓਰ ਜਾਂਦਿਆਂ ਜਾਂਦਿਆਂ ਇਹ ਬਿਨੈ ਜੋਦੜੀ ਸਫੁਰ ਹੋਈ ਕਿ ਗੁਰਮੰਤ੍ਰ ਦੇ ਦ੍ਰਿੜ੍ਹ ਕਰਾਉਣ ਹਿਤ ਜੋ ਗੁਰਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੁਆਰਿਓਂ ਹੁਕਮਾਇਆ ਜਾਵੇਗਾ, ਗੁਰਵਾਕ ਅੰਦਰ ਰਮਜ਼ ਮਾਤਰ ਭੀ ਜੋ ਇਸ਼ਾਰਾ ਗੁਰਮੰਤ੍ਰ ਪ੍ਰਥਾਇ ਹੋਵੇਗਾ, ਉਹ ਸੰਪੂਰਨ ਗੁਰਮੰਤ੍ਰ ਸਿਮਰਨ ਨਮਿੱਤ ਨਿਸਚਿਤ ਕੀਤਾ ਜਾਵੇਗਾ। ਉਸ ਸਮੇਂ ਹਿਰਦੇ-ਦ੍ਰਿਸ਼ਟੀ-ਗੋਚਰ ਜਿਤਨੇ ਨਾਮ ਭੀ ਗੁਰਬਾਣੀ ਅੰਦਰ ਆਏ ਸਨ, ਉਹਨਾਂ ਵਿਚੋਂ ਜਿਸ ਨਾਮ ਦਾ ਇਸ਼ਾਰਾ ਰਮਜ਼ ਮਾਤ੍ਰ ਭੀ ਹੋਵੇਗਾ, ਉਸ ਨਾਮ ਨੂੰ ਸਤਿਨਾਮ ਸਿਮਰਨ ਯੋਗ ਗੁਰਮੰਤ੍ਰ-ਨਾਮ ਦ੍ਰਿੜ੍ਹ ਕਰ ਮੰਨਿਆ ਜਾਵੇਗਾ। ਇਸ ਤੋਂ ਛੁਟ ਦੂਜੀ ਸਮੂਹ ਨਾਮ ਜੋ ਗੁਰਬਾਣੀ ਅੰਦਰ ਆਏ ਹਨ, ਉਹ ਕ੍ਰਿਤਮ ਨਾਮ ਸਮਝੇ ਜਾਣਗੇ। ਗੁਰਬਾਣੀ ਅੰਦਰ ਪੇਖੇ ਪਠਨ ਕੀਤੇ ਜੋ ਸਨਮੁਖ ਚਿਤ੍ਰਤ ਸਨ, ਉਨ੍ਹਾਂ ਵਿਚੋਂ 'ਗੁਰੂ' ਅਤੇ 'ਵਾਹ' ਪਦ ਜੇ ਆਏ ਜਾਂ ਏਨ੍ਹਾਂ ਦੋਹਾਂ ਵਿਚੋਂ ਕੋਈ ਇਕ ਭੀ ਆਇਆ ਤਾਂ ਉਸ ਤੋਂ ਇਹ ਸੰਭਾਵਨਾ ਹੋਵੇਗੀ ਕਿ ਇਹ "**ਵਾਹਿਗੁਰੂ**" ਨਾਮ ਵਲ ਇਸ਼ਾਰਾ ਹੈ, ਗੁਰੂ ਗੁਰੂ ਅਤੇ ਵਾਹੁ ਵਾਹੁ ਦਾ ਜਾਪ ਪੂਰਾ ਸ਼ਬਦ '**ਵਾਹਿਗੁਰੂ**' ਸਿਮਰਨ ਦਾ ਰਮਜ਼ੀ ਹੁਕਮ ਹੋਵੇਗਾ। ਦ੍ਰਿਸ਼ਟਾਂਤ ਮਾਤਰ ਜੇ ਕਰ ਇਹ ਹੁਕਮ ਆਇਆ 'ਗੁਰੂ ਗੁਰੂ ਗੁਰੁ ਕਰਿ ਮਨ ਮੋਰ॥ ਗੁਰੂ ਬਿਨਾ ਮੈ ਨਾਹੀ ਹੋਰੁ" ਤਦ ਇਹ 'ਗੁਰੂ' ਪਦ ਸੰਪੂਰਨ '**ਵਾਹਿਗੁਰੂ**' ਜਾਪ ਦਾ ਬੋਧਕ ਹੋਵੇਗਾ। ਅਥਵਾ ਇਉਂ ਆ ਗਿਆ "ਮੇਰੇ ਮਨ ਗੁਰੁ ਗੁਰੁ ਗੁਰੁ ਸਦ ਕਰੀਐ॥ ਰਤਨ ਜਨਮੁ ਸਫਲੁ ਗੁਰਿ ਕੀਆ ਦਰਸਨ ਕਉ ਬਲਿਹਰੀਐ' ਤਦ ਭੀ ਇਹ ਹੁਕਮ '**ਵਾਹਿਗੁਰੂ**' ਸਿਮਰਨ ਪ੍ਰਥਾਇ ਦ੍ਰਿੜ੍ਹ ਕੀਤਾ ਜਾਵੇਗਾ। ਇਸ ਪ੍ਰਕਾਰ ਦੀ ਪ੍ਰਿਥਮ ਹੀ ਧਾਰਨਾ ਧਾਰ ਕੇ ਚਿਤਵਨੀ ਚਿਤਵਦਿਆਂ ਗੁਰਦੁਆਰੇ ਵਲ ਧਾਈ ਕਰੀ ਚਲਿਆ ਜਾ ਰਿਹਾ ਸਾਂ।

## ਨਾਮ ਦੀ ਪ੍ਰਾਪਤੀ–

ਪਰ ਮਲਕ ਮਲਕ ਪੈਰ ਧਰਾਂ। ਜਦੋਂ ਮੈਂ ਅਤਿ ਨੇੜੇ ਢੁਕਾ ਤਾਂ ਮਧੁਰ ਮਧੁਰ ਪਾਠ ਦੀ ਰਸੀਲੀ ਅਤਿ ਮਨ-ਮੋਹਣੀ, ਦਿਲ-ਖਿਚਵੀਂ ਧੁਨੀ ਸੁਣੀ, ਜੋ ਮੈਨੂੰ ਮਸਤ ਕਰਦੀ ਜਾਵੇ, ਪਰ ਬਾਣੀ ਸਪੱਸ਼ਟ ਤੌਰ ਤੇ ਸੁਣੀ ਤੇ ਸਮਝੀ ਨਾ ਜਾਵੇ। ਬੜਾ ਹੈਰਾਨ ਕਿ ਅਜ ਸੁਵਖਤੇ ਹੀ ਕਿਸ ਨੇ ਮਹਾਰਾਜ ਦਾ ਪ੍ਰਕਾਸ਼ ਕੀਤਾ ਹੈ ਤੇ ਕੌਣ ਐਸੀ ਚਿੱਤ-ਚੀਰਵੀਂ ਪ੍ਰੇਮ-ਲਟਕ ਵਿਚ ਅਟਕ ਅਟਕ ਕੇ ਤੇ ਲਮਕ ਲਮਕ ਕੇ ਪਾਠ ਕਰ ਰਿਹਾ ਹੈ। ਜਦ ਮੈਂ ਐਨ ਦਰਵਾਜ਼ੇ ਦੀ ਦੇਹੁਲੀ ਪਾਸ ਪੁੱਜਾ ਅਤੇ ਅੰਦਰਵਾਰ ਵੜਨ ਲਗਾ ਤਾਂ ਮੇਰਾ ਸੀਸ ਇਕ-ਦਮ ਝੁਕ ਗਿਆ ਅਤੇ ਫੜੱਕ ਮੇਰੇ ਸ੍ਰਵਣ ਸ੍ਰੋਤ ਦੇ ਦਰਵਾਜ਼ੇ ਅੰਦਰ ਇਹ ਦੋ ਤੁਕਾਂ ਸਪੱਸ਼ਟ ਆ ਪਈਆਂ। ਯਥਾ ਦੁਤੁਕੀ :–

ਵੇਮੁਹਤਾਜਾ ਵੇਪਰਵਾਹੁ ॥ ਨਾਨਕ ਦਾਸ ਕਹਹੁ ਗੁਰ ਵਾਹੁ ॥

"ਕਹਹੁ ਗੁਰ ਵਾਹੁ' ਦੀ ਐਸੀ ਜ਼ਬਰਦਸਤ ਚੁੰਬਕ ਕਲਾ ਵਾਲੀ ਸੱਟ ਪਈ ਕਿ ਤੁਰਤ '**ਵਾਹਿਗੁਰੂ**' '**ਵਾਹਿਗੁਰੂ**' ਦੀ ਝਰਨਾਟ ਦਾ ਰਾਗ ਮੇਰੇ ਰਗ-ਰੇਸ਼ੇ ਤੇ ਲੂੰ ਲੂੰ ਅੰਦਰ ਛਿੜ ਗਿਆ। ਮਾਨੋ ਕੋਈ ਅਗੰਮ ਦੀ ਅਨਾਹਦ ਚਾਬੀ ਮੇਰੇ ਘਟ ਰੂਪੀ ਘੜੀ ਨੂੰ ਲਗ ਗਈ। ਮੇਰੇ ਰੋਮ ਰੋਮ ਨੂੰ ਜੀਭਾਂ ਲੱਗ ਗਈਆਂ, ਜਿਨ੍ਹਾਂ ਵਿਚੋਂ ਉਹ ਚੁਅੱਖਰਾ ਜਾਪ (ਵਿਰਦ) ਛਿੜ ਪਿਆ। ਸੱਟ ਪੈਂਦੇ ਸਾਰ ਹੀ ਮੈਂ ਉਭੜ ਕੇ ਮਹਾਰਾਜ ਦੀ ਚਰਨ ਸਰਨ ਡੰਡੌਤ ਵਿਚ ਜਾ ਪਿਆ, ਪਰ ਮੈਨੂੰ ਇਹ ਪਤਾ ਨਹੀਂ ਕਿ ਕਿਹੜੀ ਤਾਕਤ, ਕਿਹੜੀ ਅਮਰ ਕਲਾ ਨੇ ਮੈਨੂੰ ਗੁਰਦੁਆਰੇ ਦੀ ਦੇਹੁਲੀ ਵਿਚੋਂ ਉਭੜਾ ਕੇ ਤੇ ਉਛਾਲਾ ਦੇ ਕੇ ਇਕ ਛਿਨ ਮਾਤ੍ਰ ਅੱਖ ਦੇ ਫੋਰ ਵਿਚ ਗੁਰੂ ਸਾਹਿਬ ਦੇ ਨਿਕਟ ਸਨਮੁਖੀ ਹਜ਼ੂਰੀ ਸਰਣਾਗਤ ਵਿਚ ਧੜੰਮ ਜਾ ਸਿੱਟਿਆ। ਪਾਠ ਹੋਣਾ ਓਦੋਂ ਹੀ ਬੰਦ ਹੋ ਚੁਕਾ ਸੀ। ਮੈਂ ਡੰਡਵਤ ਵਿਚੋਂ ਉਠ ਕੇ ਗੁਰੂ ਸਾਹਿਬ ਜੀ ਦੇ ਦਰਸ਼ਨ ਕੀਤੇ ਤੇ ਫਤਹ


www.AKJ.Org

ਬੁਲਾਈ ਤਾਂ ਕੀ ਦੇਖਾਂ !

**ਅਚਰਜ ਕੌਤਕ–**

"ਮਹਾਰਾਜ ਜੀ ਤੇ ਚੰਵਰ ਹੋ ਰਿਹਾ ਹੈ ਪਰ ਤਾਬੇ ਕੋਈ ਨਹੀਂ, ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਰਵਾਰ ਚੰਦੋਆ ਸਾਹਿਬ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਚਕਾਰ ਅਦੁੱਤੀ ਚਮਤਕਾਰਕ ਅਤੇ ਝਿਲਮਿਲਕਾਰ ਛਬੰਨੀ ਚਕ੍ਰਤ ਚਿਤ੍ਰਕਾਰੀ ਵਿਚ 'ਵਾਹਿਗੁਰੂ' ਸ਼ਬਦ ਚਿਤਰਿਆ ਝਿਲਮਿਲ ਝਿਲਮਿਲ ਕਰੇ, ਜੋ ਆਸਰੇ ਬਿਹੂਣ ਹਵਾ ਵਿਚ ਮੁਅੱਲਕ ਟਿਕਿਆ ਲਹਿਰੇ ਮਾਰੇ । ਗੁਰਦੁਆਰੇ ਦੇ ਹਵਾਈ ਪੁਲਾੜ ਵਿਚ ਚਾਰ ਚੁਫੇਰੇ ਇਹੋ ਹੀ ਕੌਤਕ ਵਰਤ ਰਿਹਾ ਸਾਂਗੋ ਪਾਂਗ ਦਿਸੇ । ['ਜੇਲ੍ਹ ਚਿਠੀਆਂ' ਪੁਸਤਕ ਵਿਚੋਂ

ਉਪ੍ਰੋਕਤ ਸਾਰੇ ਲੇਖ ਦਾ ਸਾਰ-ਸਿੱਟਾ ਇਹੋ ਹੈ ਕਿ ਗੁਰਬਾਣੀ ਅੰਦਰ ਜਿਥੇ ਕਿਤੇ ਵਾਹੁ ਗੁਰੂ ਜਾਂ ਵਾਹ ਗੁਰੂ ਪਦ ਆਏ ਹਨ, ਉਹ ਗੁਰਮੰਤਰ ਦੇ ਸੰਕੇਤਕ ਨਾਮ ਹੀ ਹਨ, ਗੁਰਮੰਤਰ ਨਹੀਂ ਹਨ । ਪੂਰੇ ਗੁਰਮੰਤਰ ਦੀ ਅਭਿਆਸ ਰੂਪ ਵਿਚ ਭਟਾਂ ਦੇ ਸਵਈਆਂ ਵਿਚ ਹੀ ਇਉਂ ਰਟ ਲਾਈ ਮਿਲਦੀ ਹੈ–

"ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥"

ਪੁਰਾਤਨ ਹੱਥ-ਲਿਖਤਾਂ ਵਿਚ ਲਿਖਾਰੀ ਜੇ ਅਨੇਕਾਂ ਥਾਈਂ ਇਹ ਸ਼ਬਦ ਸਿਹਾਰੀ-ਹਾਹਾ (ਹਿ) ਨਾਲ ਲਿਖਦੇ ਹਨ ਤੇ ਕਿਤੇ ਇਕ ਦੋ ਥਾਈਂ ਉਨ੍ਹਾਂ ਪਾਸੋਂ ਸਹਿਜ ਸੁਭਾਇ ਸਿਹਾਰੀ ਲਿਖਣੀ ਰਹਿ ਜਾਂਦੀ ਹੈ ਤਾਂ **ਅਨੇਕਾਂ ਵਾਰ ਲਿਖੇ ਸ਼ੁਧ ਸਰੂਪ ਤੋਂ ਮੁਖ ਮੋੜ ਕੇ ਇਕ ਦੋ ਵਾਰੀ ਲਿਖੇ ਗਏ ਅਸ਼ੁੱਧ ਸਰੂਪ ਨੂੰ ਆਪਣੀ ਕਲਪਨਾ ਦੀ ਪੁਸ਼ਟੀ ਲਈ ਮੂਲ ਅਧਾਰ ਬਣਾ ਲੈਣਾ ਨਿਰੀ ਹਮਾਕਤ ਅਤੇ ਬੇਮੁਖਤਾਈ ਹੈ ।**

ਸਮੁਚੇ ਪੰਥ ਵਿਚ ਇਸ "ਵਾਹਿਗੁਰੂ' ਗੁਰ-ਮੰਤਰ ਬਾਰੇ ਕੋਈ ਭੁਲੇਖਾ ਨਹੀਂ ਹੈ ਅਤੇ ਮੁਢ-ਕਦੀਮਾਂ ਤੋਂ ਲੈ ਕੇ ਅਜ ਤਕ ਕਿਸੇ ਨੂੰ ਸ਼ਕ ਤਕ ਨਹੀਂ ਪਿਆ । ਜਾਣ ਬੁਝ ਕੇ ਨਵੀਂ ਖੋਜ ਦੇ ਨਾਂ ਹੇਠ ਵਾਦ-ਵਿਵਾਦ ਖੜੇ ਕਰਨੇ ਉਨ੍ਹਾਂ ਲਈ ਘਾਟੇਵੰਦਾ ਸੌਦਾ ਹੈ । "ਵਾਹਿਗੁਰੂ" ਗੁਰ-ਮੰਤਰ ਨੂੰ ਜਪਣ ਕਮਾਉਣਹਾਰਿਆਂ ਅਨੇਕਾਂ ਦੇ ਬੇੜੇ ਪਾਰ ਹੋਏ ਤੇ ਹੁੰਦੇ ਰਹਿਣਗੇ । ਸੋ ਪਿਆਰਿਓ ! ਵਾਦ-ਵਿਵਾਦ ਤੇ ਸਹਸ-ਸਿਆਣਪਾਂ ਛਡ ਕੇ ਜਪਣ ਦੀ ਕਿਰਿਆ ਅਰੰਭ ਕਰੋ । ਤਾਂ ਹੀ–

ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥ ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥(੨੯੩)

---

## ਅਕਲਾਂ ਵਾਲੇ ਲੋਕਾਂ ਅੱਗੇ

ਅਕਲਾਂ ਵਾਲੇ ਲੋਕਾਂ ਅਗੇ, ਨਾ ਕਰ ਰਮਜ਼ ਬਿਆਨੀ, ਯਾਰ ਜ਼ਬਾਨੀ ।
ਐਸੀ ਸ਼ੁਧ ਪਵਿਤਰ ਵਸਤੂ, ਮਹਿਫ਼ਲ ਕਦਰ ਨਾ ਜਾਨੀ, ਭੇਤ ਰੱਬਾਨੀ ।
ਨਾਲ ਮੁਹੱਬਤ ਅਕਲ ਕੀ ਰਿਸ਼ਤਾ, ਅਕਲਮੰਦ ਅਭਿਮਾਨੀ, ਗ਼ਲਤ ਗੁਮਾਨੀ ।
ਸੂਫ਼ੀ ਇਸ਼ਕ ਹਕੀਕੀ ਅੰਦਰ, ਸ਼ਰਤ ਨੇਕ ਇਨਸਾਨੀ, ਸੱਚੀ ਮਾਨੀ ।੧੦੦।

[ਸਾਧੂ ਸਿੰਘ ਸੂਫ਼ੀ ਕ੍ਰਿਤ 'ਸੂਫ਼ੀ ਡਿਉਢਾਂ" ਵਿਚੋਂ

---

**ਪਾਠਕ ਜੀ–** ਚਿੱਠੀ ਪੱਤਰ ਜਾਂ ਮਨੀਆਰਡਰ ਭੇਜਣ ਸਮੇਂ ਆਪਣਾ ਚਿਟ ਨੰਬਰ ਜ਼ਰੂਰ ਲਿਖੋ, ਜੋ ਅਸੀਂ ਹਰ ਮਹੀਨੇ ਤੁਹਾਡੇ ਐਡਰੈਸ ਦੇ ਨਾਲ ਲਿਖ ਕੇ ਭੇਜਦੇ ਹਾਂ ।

(੨) ਹਰੇਕ ਪਾਠਕ ਨੂੰ ਹਰ ਮਹੀਨੇ ਰਜਿਸਟਰ ਨਾਲ ਚੈਕ ਕਰ ਕੇ ਪਰਚਾ ਭੇਜਿਆ ਜਾਂਦਾ ਹੈ, ਪਰ ਫਿਰ ਭੀ ਪਰਚਾ ਨਾ ਪੁਜਣ ਦਾ ਉਲਾਂਭਾ ਕਿਸੇ ਨਾ ਕਿਸੇ ਪਾਸੋਂ ਆ ਜਾਂਦਾ ਹੈ । ਇਹ ਪਰਚੇ ਡਾਕ ਵਿਚ ਗੁੰਮ ਕਰ ਲਏ ਜਾਂਦੇ ਹਨ । ਜੇ ਆਪ ਨੂੰ ਪਰਚਾ ਮਹੀਨੇ ਦੇ ਅਧ ਤਕ ਵੀ ਨਾ ਪੁਜੇ ਤਾਂ ਉਸੇ ਮਹੀਨੇ ਸਾਨੂੰ ਕਾਰਡ ਪਾ ਦਿਓ, ਅਸੀਂ ਆਪ ਨੂੰ ਹੋਰ ਪਰਚਾ ਭੇਜ ਦੇਵਾਂਗੇ ।

ਦਾਸ–ਮੈਨੇਜਰ 'ਸੂਰਾ'



www.AKJ.Org

# ਪੂਜਾ ਦਾ ਧਾਨ

[ਸਰਦਾਰ ਜੇ. ਪੀ. ਸੰਗਤ ਸਿੰਘ ਬੰਬਈ ਦੇ ਲੇਖ ਦੇ ਅਧਾਰ ਤੇ]

ਜਿਉਂ ਮਿਰਯਾਦਾ ਹਿੰਦੂਆਂ ਗਊ ਮਾਸ ਅਖਾਜ । ਮੁਸਲਮਾਣਾਂ ਸੂਅਰਹੁ ਸਉਗੰਦ ਵਿਆਜ । ਸਹੁਰਾ ਘਰ ਜਾਵਾਈਐ ਪਾਣੀ ਮਦਰਾਜੁ । ਸਹਾ ਨ ਖਾਈ ਚੂਹੜਾ ਮਾਇਆ ਮੁਹਤਾਜੁ । ਜਿਉ ਮਿਠੈ ਮਖੀ ਮਰੈ ਤਿਸੁ ਹੋਇ ਅਕਾਜੁ । ਤਿਉ ਧਰਮਸਾਲ ਦੀ ਝਾਕ ਹੈ ਵਿਹੁ ਖੰਡੂ ਪਾਜੁ ॥੧੨॥

[ਭਾ: ਗੁਰਦਾਸ ਜੀ, ਵਾਰ ੩੫

ਸ੍ਰੀ ਅਨੰਦਪੁਰ ਸਾਹਿਬ ਵਿਖੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਜ਼ਾਨੇ ਵਿਚ ਸਿਖ ਸੰਗਤਾਂ ਦੇ ਦਸਵੰਧ ਅਤੇ ਚੜ੍ਹਾਵੇ ਦੁਆਰਾ ਇਕੱਤਰ ਹੋਈ ਮਾਇਆ ਵੀਹ ਕੁ ਕਰੋੜ ਸੀ । ਅਜ ਤੋਂ ਤਿੰਨ ਸੌ ਸਾਲ ਪਹਿਲਾਂ ਇਹ ਮਾਇਆ ਇਕ ਬੜਾ ਖ਼ਜ਼ਾਨਾ ਸੀ । ਸਤਿਗੁਰੂ ਜੀ ਨੇ ਸਿੰਘਾਂ ਨੂੰ ਹੁਕਮ ਕਰ ਕੇ ਇਹ ਸਾਰੀ ਮਾਇਆ ਸਰਸਾ ਨਦੀ ਵਿਚ ਰੁੜ੍ਹਾ ਦਿਤੀ, ਪਰ ਇਸ ਨੂੰ ਨਿਜੀ ਸੁਆਰਥ ਲਈ ਵਰਤਣਾ ਜਾਂ ਗੁਰਸਿਖਾਂ ਨੂੰ ਵੰਡ ਦੇਣਾ ਪਰਵਾਣ ਨਾ ਕੀਤਾ ।

ਇਸ ਪ੍ਰਥਾਇ ਇਤਿਹਾਸ ਵਿਚ ਇਹ ਪਰਸੰਗ ਇਸ ਤਰ੍ਹਾਂ ਆਉਂਦਾ ਹੈ ਕਿ ਸਿਖ ਸੰਗਤਾਂ ਨੇ ਸ੍ਰੀ ਮਾਤਾ ਗੁਜਰੀ ਜੀ ਰਾਹੀਂ ਦਸਮੇਸ਼ ਪਿਤਾ ਜੀ ਨੂੰ ਅਖਵਾਇਆ ਕਿ ਪੁੱਤਰ, ਇਹ ਸਿਖ ਵਿਚਾਰੇ ਗਰੀਬ ਭੁਖੇ ਮਰਦੇ ਹਨ, ਇਹ ਮਾਇਆ ਸਰਸਾ ਵਿਚ ਰੋੜ੍ਹਨ ਦੀ ਬਜਾਏ ਇਨ੍ਹਾਂ ਗਰੀਬਾਂ ਵਿਚ ਵੰਡ ਦੇਵੋ । ਤਾਂ ਸਤਿਗੁਰੂ ਜੀ ਬੋਲੇ, ਮਾਤਾ ਜੀ, ਕੀ ਤੁਸੀਂ ਜ਼ਹਿਰ ਲਿਆ ਕੇ ਆਪਣੇ ਹਥੀਂ ਮੈਨੂੰ ਖਾਣ ਨੂੰ ਦੇਵੋਗੇ ? ਮਾਤਾ ਜੀ ਨੇ ਕਿਹਾ ਕਿ ਪੁਤਰ ਜੀ, ਇਹ ਕਿਵੇਂ ਹੋ ਸਕਦਾ ਹੈ ? ਕੋਈ ਵੀ ਮਾਂ ਆਪਣੇ ਬੱਚੇ ਨੂੰ ਆਪਣੇ ਹਥੀਂ ਕਦੇ ਜ਼ਹਿਰ ਵੀ ਦਿਆ ਕਰਦੀ ਹੈ ? ਤਾਂ ਦੂਰ-ਦਰਸ਼ੀ ਦਸਮੇਸ਼ ਜੀ ਨੇ ਬੜੀ ਗੰਭੀਰਤਾ ਵਿਚ ਕਿਹਾ, "ਮਾਤਾ ਜੀ, ਫਿਰ ਮੈਂ ਆਪਣੇ ਸਿਖਾਂ-ਪੁਤਰਾਂ ਵਿਚ ਕਿਵੇਂ ਆਪਣੇ ਹੱਥੀਂ ਇਹ ਜ਼ਹਿਰ ਵੰਡ ਦੇਵਾਂ ? ਇਹ ਪੂਜਾ ਦਾ ਧਾਨ ਅਤਿ ਭਿਆਨਕ ਬਿਖ ਹੈ ।"

ਗੁਰ-ਬਿਲਾਸ ਪਾਤਸ਼ਾਹੀ ੧੦, ਅਧਿਆਇ ੧੯ ਵਿਚ ਇਉਂ ਲਿਖਿਆ ਹੈ—

ਜਿਉਂ ਜਨਨੀ ਨਿਜ ਤਨੁਜ ਕੋ ਨਿਰਖ ਜ਼ਹਿਰ ਨਹਿ ਦੇਤ ॥ ਤਿਉਂ ਪੂਜਾ ਕੀ ਅੰਸ਼ ਯਹਿ ਸਰਬ ਦੂਖ ਕੋ ਹੇਤੁ ॥ ਨਿਰਖ, ਮਾਤ ਜੂ ! ਹੋਤ ਪੂਜ ਕੀ ਅੰਸ਼ ਹਲਾਹਲ ॥ ਅਬ ਇਨ ਕੋ ਕਿਮ ਦੇਉਂ ਪ੍ਰਿਥਮ ਕਰ ਦੀਨੀ ਪਾਹੁਲ ॥ ਕਹਾਂ ਹੋਗ ਪ੍ਰਤਾਪ ਜਗਤ ਮਹਿ, ਕਹੁ ਇਨ ਕੇਰਾ ॥ ਦਾਰਿਦ੍ਰੀ ਇਹ ਲੋਕ, ਉਤੇ ਹੈ ਨਰਕ ਬਸੇਰਾ ॥

ਭਾਵ :—ਜਿਵੇਂ ਮਾਤਾ ਆਪਣੇ ਪੁਤਰ ਨੂੰ ਜ਼ਹਿਰ ਵੇਖ ਕੇ ਨਹੀਂ ਖੁਆਂਦੀ, ਕਿਉਂ ਜੁ ਉਹ ਸਰੀਰ ਨੂੰ ਗਾਲ ਸੁਟਦੀ ਹੈ, ਇਸੇ ਤਰ੍ਹਾਂ ਇਹ ਪੂਜਾ ਦਾ ਧਾਨ ਖਾਣ ਵਾਲਿਆਂ ਨੂੰ ਬਹੁ ਪਰਕਾਰੀ ਦੁਖ ਭੋਗਣੇ ਪੈਂਦੇ ਹਨ । ਦੇਖੋ ਮਾਤਾ ਜੀ, ਇਹ ਪੂਜਾ ਦਾ ਧਾਨ ਕਰੜੀ ਜ਼ਹਿਰ ਹੈ । ਜਿਨ੍ਹਾਂ ਪੁਤਰਾਂ ਨੂੰ ਮੈਂ ਅੰਮ੍ਰਿਤ ਦਿਤਾ ਹੈ ਉਨ੍ਹਾਂ ਨੂੰ ਇਹ ਜ਼ਹਿਰ ਕਿਵੇਂ ਦੇ ਦਿਆਂ ? ਪੂਜਾ ਦਾ ਧਾਨ ਖਾਣ ਵਾਲਿਆਂ ਦੀ ਚੜ੍ਹਦੀ ਕਲਾ ਨਹੀਂ ਹੋ ਸਕਦੀ, ਸਗੋਂ ਇਸ ਲੋਕ ਵਿਚ ਦਲਿਦਰੀ ਰਹਿਣਗੇ ਅਤੇ ਅਗਾਂਹ ਜਾ ਕੇ ਨਰਕ ਭੋਗਣੇ ਪੈਣਗੇ ।

ਭਾਈ ਬਾਲੇ ਵਾਲੀ ਜਨਮਸਾਖੀ ਵਿਚ ਉਪਲ ਖਤਰੀ ਪਰਥਾਇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਇਉਂ ਆਉਂਦਾ ਹੈ :—

ਸ੍ਰੀ ਗੁਰੂ ਜੀ ਨੇ ਕਹਿਆ, "ਮਰਦਾਨਿਆ ! ਇਹ ਪਦਾਰਥ ਪੂਜਾ ਦਾ ਖਾਣਾ ਐਸਾ ਹੈ, ਜੈਸੇ ਵਿਸ ਖਾਧੀ ਪਚਦੀ ਨਹੀਂ, ਤੈਸੇ ਹੀ ਪੂਜਾ-ਧਾਨ ਖਾਧਾ ਪਚਦਾ ਨਹੀਂ, ਜਿਹੜਾ ਅਠੇ ਪਹਿਰ ਪਰਮੇਸਰ ਦੀ ਬੰਦਗੀ ਕਰੇ, ਰਾਤ ਦਿਨ ਭਗਵੰਤ ਦਾ ਭਜਨ ਕਰਦਾ



www.AKJ.Org

ਰਹੇ, ਵੰਡ ਖਾਏ, ਆਪਣੀ ਤਮਾ ਨਾ ਕਰੇ, ਹਰ ਕੋਈ ਜੀਵ ਜੋ ਆਵੇ, ਤਿਸ ਨਾਲ ਖੁਸ਼ੀ ਰਹੇ ਅਰੁ ਥੋੜਾ ਅਹਾਰ ਕਰੇ ਅਰ ਸੰਜਮ ਨਾਲ ਰਹੇ ਤਾਂ ਉਸ ਨੂੰ ਪੱਚਦਾ ਹੈ। ਜਿਹੜਾ ਭਜਨ ਬੰਦਗੀ ਨਾ ਕਰੇ, ਪਲੇ ਬੰਨ੍ਹੇ, ਲਾਲਚ ਹਰ ਚੀਜ਼ ਦਾ ਕਰੇ, ਪੂਜਾ ਦੀ ਚੀਜ਼ ਵੰਡ ਕੇ ਨਾ ਖਾਏ, ਉਸ ਨੂੰ ਬਿਖ ਵਤ ਹੋ ਲੱਗਦੀ ਹੈ। ਜਿਸ ਤਰ੍ਹਾਂ ਅਗਨ ਦਾ ਕੁੰਡ ਬਲਦਾ ਹੋਵੇ ਤੇ ਇਕ ਛੰਨਾ ਪਾਣੀ ਦਾ ਉਸ ਵਿਚ ਪਾਵੀਏ ਤਾਂ ਉਹ ਪਾਣੀ ਭੀ ਦਗਧ ਹੋ ਜਾਂਦਾ ਹੈ, ਅਗਨ ਭੀ ਬਲਦੀ ਰਹਿੰਦੀ ਹੈ। ਅਤੇ ਅਗਨ ਥੋੜੀ ਹੋਵੇ ਤੇ ਪਾਣੀ ਬਹੁਤ ਪਾਵੀਏ ਤਾਂ ਅਗਨ ਸਭ ਬੁਝ ਜਾਂਦੀ ਹੈ।

ਤਿਸੀ ਤਰ੍ਹਾਂ ਜੋ ਕੋਈ ਪੂਜਾ ਦਾ ਧਾਨ, ਗੁਰੂ ਕੇ ਗੁਰਦੁਆਰਿਆਂ ਦੀ ਮਾਇਆ ਮਿਠੀ ਜਾਣ ਕੇ ਚਾਹ ਨਾਲ ਖਾਂਦੇ ਹਨ ਸੋ ਬਹੁਤ ਦੁਖੀ ਹੁੰਦੇ ਹਨ। ਉਨ੍ਹਾਂ ਵਾਸਤੇ ਅਗੇ ਨਰਕ ਤਿਆਰ ਹਨ ਅਤੇ ਇਸ ਲੋਕ ਵਿਚ ਵੀ ਦੁਖ ਪਾਂਵਦੇ ਹਨ।

[ਗੁਰਮਤਿ ਮਾਰਤੰਡ, ਪੰਨਾ ੬੮੭,
ਕ੍ਰਿਤ ਭਾ: ਕਾਨ੍ਹ ਸਿੰਘ ਜੀ ਨਾਭਾ

ਇਹ ਪੂਜਾ ਦਾ ਧਾਨ ਤੇ ਗੁਰਦੁਆਰਿਆਂ ਦੀਆਂ ਗੋਲਕਾਂ ਦੀ ਮਾਇਆ ਨਿਰੀ ਜ਼ਹਿਰ ਹੈ, ਬਿਖ ਹੈ। ਇਸ ਨੂੰ ਖਾਣ ਵਾਲਿਆਂ ਦੀ ਬੁਧ ਭ੍ਰਿਸ਼ਟੀ ਜਾਂਦੀ ਹੈ। ਇਹ ਜ਼ਹਿਰ ਪਾਰੇ ਵਾਂਗ ਹੈ ਅਤੇ ਇਹ ਸੇਵਣ ਵਾਲਿਆਂ ਦੇ ਹੱਡੀਂ ਗੋਡੀਂ ਉਤਰ ਜਾਂਦੀ ਹੈ।

ਅਜ ਗੁਰਦੁਆਰਿਆਂ ਦੀਆਂ ਚੌਧਰਾਂ ਖ਼ਾਤਰ ਜੋ ਲੜਾਈ ਹੋ ਰਹੀ ਹੈ, ਇਹ ਗੋਲਕਾਂ ਸਮੇਟਣ ਦੀ ਹੀ ਲੜਾਈ ਹੈ। ਗੁਰਦੁਆਰਿਆਂ ਦੀਆਂ ਪ੍ਰਧਾਨਗੀਆਂ ਤੇ ਸਕੱਤਰੀਆਂ ਪਿਛੇ ਲੜ-ਲੜ ਮਰਨ ਵਾਲੇ ਨਿਜ-ਸੁਆਰਥੀ ਸੇਵਾ ਲਈ ਨਹੀਂ ਲੜਦੇ, ਸਗੋਂ ਚੌਧਰਾਂ ਤੇ ਪੂਜਾ ਦੇ ਧਾਨ ਨਾਲ ਗੁਲਸ਼ਰੇ ਉਡਾਣ ਖ਼ਾਤਰ ਲੜਦੇ ਹਨ।

ਅਜ ਗੁਰਦੁਆਰਿਆਂ ਦੀਆਂ ਚੌਧਰਾਂ ਲੜ ਲੜ ਕੇ ਸੰਭਾਲਣ ਦਾ ਮੰਤਵ ਸੇਵਾ ਨਹੀਂ, ਸਗੋਂ ਇਸ ਆੜ ਵਿਚ ਇਹ ਸੇਵਾ ਅਸੈਂਬਲੀਆਂ ਤੇ ਪਾਰਲੀਮੈਂਟ ਦੀਆਂ ਮੈਂਬਰੀਆਂ ਲੈਣ ਲਈ ਵਸੀਲਾ ਬਣਾਇਆ ਹੋਇਆ ਹੈ ਅਤੇ ਵਿੰਗੇ ਟੇਢੇ ਢੰਗ ਨਾਲ ਗੁਰਦੁਆਰਿਆਂ ਦੀਆਂ ਗੋਲਕਾਂ ਦੀ ਮਾਇਆ ਨਿਜ-ਸੁਆਰਥ ਲਈ ਬੇਦਰੇਗ ਹੋ ਕੇ ਰੋੜ੍ਹੀ ਜਾਂਦੀ ਹੈ। ਵੋਟਾਂ ਪ੍ਰਾਪਤ ਕਰਨ ਲਈ ਕਈ ਥਾਵਾਂ ਤੇ ਸ਼ਰਾਬਾਂ ਕਬਾਬਾਂ ਦੇ ਅੰਨ੍ਹੇਵਾਹ ਦੌਰ ਚਲਦੇ ਹਨ। ਇਹ ਗੁਰੂ ਕੇ ਖਜ਼ਾਨੇ ਦੀ ਮਾਇਆ ਵੋਟਾਂ ਲਈ ਨਹੀਂ ਹੈ, ਇਹ ਗੁਰੂ ਕੀ ਸੇਵਾ ਵਾਸਤੇ ਅਤੇ ਗੁਰਸਿਖੀ ਦੇ ਪਰਚਾਰ ਲਈ ਹੈ। ਗੁਰਮਤਿ ਦਾ ਫ਼ਤਵਾ ਇਹ ਹੈ ਕਿ ਇਸ ਦੀ ਅਯੋਗ ਵਰਤੋਂ ਕਰਨ ਵਾਲੇ ਲੋਕ ਪਰਲੋਕ ਵਿਚੋਂ ਧਕੇ ਜਾਣਗੇ ਅਤੇ ਉਨ੍ਹਾਂ ਨੂੰ ਨਰਕਾਂ ਦਾ ਵਾਸਾ ਮਿਲੇਗਾ।

ਅਜ ਪੂਜਾ ਦਾ ਧਾਨ ਖਾ ਖਾ ਕੇ ਕੋਈ ਟਾਵਾਂ ਹੀ ਹਰਿਆ ਬੂਟ ਬਚਿਆ ਹੋਵੇਗਾ; ਨਹੀਂ ਤਾਂ ਬਹੁਤ ਕਰਕੇ ਗੁਰਦੁਆਰਿਆਂ ਦਿਆਂ ਮੁਖੀਆਂ, ਰਾਗੀਆਂ, ਪਰਚਾਰਕਾਂ, ਗ੍ਰੰਥੀਆਂ, ਸੇਵਾਦਾਰਾਂ ਦੀ ਬੁਧ ਇਸ ਪੂਜਾ ਦੇ ਧਾਨ ਨਾਲ ਭ੍ਰਿਸ਼ਟੀ ਹੋਈ ਹੈ। ਸੇਵਾਦਾਰਾਂ ਦੇ ਰੂਪ ਵਿਚ ਬਲੈਕੀਏ, ਜੇਬ-ਕਤਰੇ ਤੇ ਆਚਰਨ-ਹੀਨ ਲੋਕ ਗੁਰਦੁਆਰਿਆਂ ਵਿਚ ਘੁਸੜੇ ਹੋਏ ਹਨ, ਜਿਹੜੇ ਕਿ ਗੁਰਦੁਆਰਿਆਂ ਨੂੰ ਤੇ ਗੁਰੂ ਦੇ ਨਾਮ ਨੂੰ ਬਦਨਾਮ ਕਰਦੇ ਹਨ। ਇਨ੍ਹਾਂ ਮਲੀਨ-ਬੁਧੀ ਲੋਕਾਂ ਦੇ ਮਨ ਵਿਚ ਸਤਿਗੁਰੂ ਦੀ ਹਜ਼ੂਰੀ ਦੀ ਭੀ ਜ਼ਰਾ ਜਿੰਨੀ ਭੈ-ਭਾਵਨੀ ਨਹੀਂ। ਪੂਜਾ ਦੇ ਧਾਨ ਨੇ ਐਸੀ ਮਤ ਮਾਰੀ ਹੋਈ ਹੈ ਕਿ ਜਿਥੇ ਹਿਰਦੇ ਅੰਦਰ ਗੁਰਸਿੱਖੀ-ਪਿਆਰ, ਸੇਵਾ-ਭਾਵ, ਸਤ-ਸੰਤੋਖ, ਮਨ ਦੀ ਨਿਰਮਲਤਾ, ਅਤੇ ਹਲੀਮੀ ਨੇ ਵਾਸਾ ਕਰਨਾ ਸੀ ਉਥੇ ਨਿਰੀ ਹੰਗਤਾ-ਹੰਕਾਰ, ਲਾਲਚ, ਝੂਠ-ਫਰੇਬ ਅਤੇ ਨਿਜ-ਸੁਆਰਥ ਨੇ ਡੇਰੇ ਲਾਏ ਹੋਏ ਹਨ।

ਪੂਜਾ ਦਾ ਧਾਨ ਛਕਣ ਵਾਲਿਆਂ ਅੰਦਰ ਨਾ ਸਤਿਗੁਰੂ ਦਾ ਸਤਿਕਾਰ ਹੈ ਅਤੇ ਨਾ ਹੀ ਗੁਰੂ ਦੀ ਸੇਵਾ ਦਾ ਚਾਅ। ਨਾ ਹੀ ਇਨ੍ਹਾਂ ਵਿਚ ਜੀਵਨ ਦੀ ਪਵਿਤਰਤਾ ਹੈ ਅਤੇ ਨਾ ਹੀ ਦਇਆ ਦੀ ਕੋਈ ਅੰਸ਼। ਇਨ੍ਹਾਂ ਨਿਜ-ਸੁਆਰਥੀਆਂ ਤੋਂ ਕਿਸੇ ਪਰਉਪਕਾਰ ਦੀ ਆਸ ਕਿਵੇਂ ਹੋ ਸਕਦੀ ਹੈ? ਬਸ ਇਨ੍ਹਾਂ ਦੀ ਇਕੋ ਇਕ ਲਾਲਸਾ ਮਾਇਆ ਇਕੱਤਰ ਕਰਨੀ ਹੈ। ਮਾਇਆ ਦੀ ਇਸ ਲੋਭ-ਲਹਿਰ ਦੇ ਅਧੀਨ ਅਜ

[ਬਾਕੀ ਦੇਖੋ ਸਫ਼ਾ ੨੧ ਦੇ ਹੇਠ



www.AKJ.Org

# ਮਾਤਾ ਗੁਜਰੀ ਜੀ

[ਸ: ਵਰਿਆਮ ਸਿੰਘ ਜੀ, ਗਾਂਧੀ ਨਗਰ, ਦਿਲੀ ੩੧]

ਜਿਥੇ ਸਿੱਖ ਇਸਤ੍ਰੀਆਂ ਦੇ ਅਨੇਕਾਂ ਕਾਰਨਾਮੇ ਹਨ, ਉਥੇ ਮਾਤਾ ਗੁਜਰੀ ਜੀ ਦਾ ਨਾਂ ਸੂਰਜ ਵਾਂਗ ਚਮਕਦਾ ਹੈ। ਕਿਹੜਾ ਸਿੱਖ ਹਿਰਦਾ ਅਜਿਹਾ ਹੋਵੇਗਾ, ਜਿਹੜਾ ਉਨ੍ਹਾਂ ਦੇ ਪਵਿੱਤਰ ਨਾਂ ਤੋਂ ਜਾਣੂ ਨਹੀਂ। ਆਪ ਜੀ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦੇ ਮਹਿਲ ਅਤੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਮਾਤਾ ਜੀ ਸਨ।

ਮਾਤਾ ਗੁਜਰੀ ਜੀ ਦਾ ਪੇਕਾ ਪਿੰਡ ਕਰਤਾਰਪੁਰ ਜ਼ਿਲਾ ਜਲੰਧਰ ਸੀ। ਪਿਤਾ ਜੀ ਦਾ ਨਾਂ ਭਾਈ ਲਾਲ ਚੰਦ ਸੀ, ਜੋ ਗੁਰੂ-ਘਰ ਦਾ ਸ਼ਰਧਾਲੂ ਸਿੱਖ ਸੀ। ਉਸ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਨਾਂ ਵਿਚ ਰਹਿ ਕੇ ਕਈ ਸਾਲ ਸੇਵਾ ਕੀਤੀ ਅਤੇ ਉਨ੍ਹਾਂ ਦੀਆਂ ਮਿਹਰਾਂ ਦਾ ਪਾਤਰ ਬਣਿਆ। ਫਿਰ ਸੰਨ ੧੬੩੨ ਈਸਵੀ ਵਿਚ ਆਪਣੀ ਪੁੱਤਰੀ ਗੁਜਰੀ ਜੀ ਦਾ ਅਨੰਦ ਕਾਰਜ ਉਨ੍ਹਾਂ ਦੇ ਪੁੱਤਰ (ਗੁਰੂ) ਤੇਗ ਬਹਾਦਰ ਜੀ ਨਾਲ ਕਰ ਦਿਤਾ। ਇਸ ਤਰ੍ਹਾਂ ਗੁਰੂ-ਘਰ ਨਾਲ ਸਾਕਾਦਾਰੀ ਕਰ ਕੇ ਭਾਈ ਲਾਲ ਚੰਦ ਨੂੰ ਬਹੁਤ ਖੁਸ਼ੀ ਅਨੁਭਵ ਹੋਈ।

ਗੁਰਿਆਈ ਮਿਲਣ ਤੋਂ ਪਹਿਲਾਂ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਨਾਨਕੇ ਪਿੰਡ ਬਕਾਲੇ ਰਹਿ ਕੇ ਬਹੁਤ ਤਪੱਸਿਆ ਕੀਤੀ ਸੀ। ਇਕ ਕੱਚਾ ਕੋਠਾ ਸੀ, ਜਿਥੇ ਇਕ-ਮਨ ਇਕ-ਚਿਤ ਹੋ ਕੇ ਅਕਾਲ ਪੁਰਖ ਨੂੰ ਧਿਆਇਆ ਸੀ। ਉਸ ਸਮੇਂ ਉਨ੍ਹਾਂ ਦੇ ਕੋਲ ਉਨ੍ਹਾਂ ਦੀ ਮਾਤਾ, ਮਾਤਾ ਨਾਨਕੀ ਜੀ ਅਤੇ ਉਨ੍ਹਾਂ ਦੀ ਸੁਪਤਨੀ, ਮਾਤਾ ਗੁਜਰੀ ਜੀ ਸਨ।

ਮਾਤਾ ਗੁਜਰੀ ਜੀ ਨੇ ਉਸ ਸਮੇਂ ਜੋ ਆਪਣਾ ਫ਼ਰਜ਼ ਨਿਭਾਇਆ, ਉਹ ਇਸਤ੍ਰੀ ਜਾਤੀ ਲਈ ਇਕ ਚਾਨਣ-ਮੁਨਾਰਾ ਹੈ। ਇਸ ਦੀ ਮਿਸਾਲ ਬਹੁਤ ਘਟ ਮਿਲਦੀ ਹੈ। ਜਵਾਨੀ ਦੇ ਦਿਨ ਇਸਤ੍ਰੀ ਲਈ ਹਸਣ

---

( ਸਫਾ ੨੦ ਦੀ ਬਾਕੀ )

ਬਹੁਤੇ ਰਾਗੀਆਂ ਦੇ ਕੀਰਤਨ ਬਸ ਕੰਨ-ਰਸ ਹੀ ਰਹਿ ਗਏ ਹਨ। ਇਹ ਕੀਰਤਨ ਹੁਣ ਜੀਵਨ ਨੂੰ ਪਲਟ ਦੇਣ ਵਾਲਾ ਹਰੀ ਜਸ ਕੀਰਤਨ ਨਹੀਂ ਰਿਹਾ। ਇਨ੍ਹਾਂ ਕੀਰਤਨ ਕਰਨਹਾਰਿਆਂ ਦੀ ਤ੍ਰਿਸ਼ਨਾ ਦਿਨ-ਬਦਿਨ ਵਧਦੀ ਹੀ ਤੁਰੀ ਜਾ ਰਹੀ ਹੈ, ਕਿਤੇ ਬਸ ਨਹੀਂ। ਇਹੋ ਹਾਲ ਸਾਡੇ ਪਰਚਾਰਕਾਂ ਅਤੇ ਕਥਾਕਾਰਾਂ ਦਾ ਹੈ। ਇਸ ਅੰਦਰਲੀ ਤ੍ਰਿਸ਼ਨਾ ਅਧੀਨ ਕੀਤੇ ਜਾ ਰਹੇ ਇਸ ਪਰਚਾਰ ਦਾ ਅਸਰ ਉਲਟਾ ਹੀ ਹੋ ਰਿਹਾ ਹੈ। ਮਾਇਆ, ਤਾਕਤ-ਪ੍ਰਾਪਤੀ ਤੇ ਸੁਆਰਥ ਅਧੀਨ ਕੀਤਾ ਜਾ ਰਿਹਾ ਪਰਚਾਰ ਗੁਰਮਤਿ ਨਹੀਂ ਹੈ। ਇਸ ਗੁਰਮਤਿ ਵਿਰੋਧੀ ਪਰਚਾਰ ਦਾ ਸਿੱਟਾ ਇਹ ਨਿਕਲ ਰਿਹਾ ਹੈ ਕਿ ਸਿੱਖੀ ਦੀ ਥਾਂ ਨਾਸਤਕਤਾ ਵਧ ਰਹੀ ਹੈ, ਗੁਰਮਤਿ ਦੀ ਥਾਂ ਬਿਪਰਨ ਕੀ ਰੀਤ ਵਧ ਰਹੀ ਹੈ।

ਗੁਰਸਿਖੀ ਦਾ ਸੱਚਾ ਸੁਚਾ ਪਰਚਾਰ ਆਪਣੇ ਨਿਜੀ ਅਮਲੀ ਜੀਵਨ ਨਾਲ ਹੀ ਹੋ ਸਕਦਾ ਹੈ। ਸਾਡੇ ਨਿਤ ਦੇ ਜੀਵਨ ਨੂੰ ਹੀ ਸਾਡੇ ਬੱਚਿਆਂ ਨੇ ਗ੍ਰਹਿਣ ਕਰਨਾ ਹੈ। ਜੇ ਅਸੀਂ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰ ਕੇ ਗੁਰਸਿਖੀ ਕਮਾਵਾਂਗੇ ਤਾਂ ਹੀ ਅਸੀਂ ਆਉਂਦੀ ਪਨੀਰੀ ਨੂੰ ਗੁਰਸਿਖੀ ਵਿਚ ਕਾਇਮ ਰਖ ਸਕਦੇ ਹਾਂ। ਪਰ ਅਸੀਂ ਤਾਂ ਗੁਰੂ ਕੀ ਗੋਲਕ ਨੂੰ ਪੂਜਾ ਦੀ ਮਾਇਆ ਨੂੰ ਪਾਰਾ ਨਹੀਂ ਸਮਝਦੇ, ਸਗੋਂ ਬਾਪੂ ਦੀ ਮਾਇਆ ਸਮਝ ਕੇ ਅੰਨ੍ਹੇ-ਵਾਹ ਛਕੀ ਜਾਂਦੇ ਹਾਂ। ਇਹ ਪਾਰਾ ਹੱਡ-ਪੈਰ ਗਾਲ ਸੁਟਣ ਵਾਲਾ ਹੈ।

ਸ੍ਰੀ ਗੁਰੂ ਅਮਰ ਦਾਸ ਜੀ ਦੇ ਇਸ ਮਹਾਂ ਵਾਕ ਤੋਂ ਸਾਨੂੰ ਇਉਂ ਚਾਨਣ ਮਿਲਦਾ ਹੈ—

ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ,
ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ ॥(੪੩੫)

ਜਿਥੋਂ ਤਕ ਹੋ ਸਕੇ, ਇਸ ਪੂਜਾ ਦੇ ਧਾਨ ਤੋਂ ਬਚ ਕੇ ਰਹਿਣਾ ਲੋੜੀਦਾ ਹੈ। ਤਾਹੀਓਂ ਅਸੀਂ ਆਪਣੇ ਇਸ ਮਨੁਖਾ ਜਨਮ ਨੂੰ, ਸਹੀ ਰਾਹੇ ਤੁਰ ਕੇ, ਸਫਲ ਕਰ ਸਕਦੇ ਹਾਂ।



www.AKJ.Org

ਖੇਡਣ ਤੇ ਪਤੀ-ਪਿਆਰ ਦਾ ਨਿੱਘ ਮਾਨਣ ਲਈ ਹੁੰਦੇ ਹਨ, ਪਰ ਧੰਨ ਮਾਤਾ ਗੁਜਰੀ ਜੀ ! ਜਿਨ੍ਹਾਂ ਨੇ ਆਪਣੀ ਜਵਾਨੀ ਦੇ ਦਿਨ ਪਤੀ ਦੀ ਆਗਿਆ ਤੋਂ ਨਿਛਾ'-ਵਰ ਕਰ ਦਿਤੇ। ਕਦੀ ਮਥੇ ਵੱਟ ਨਹੀਂ ਪਾਇਆ। ਪਤੀ ਦੀ ਆਗਿਆ ਨੂੰ ਰਬੀ ਹੁਕਮ ਸਮਝ ਕੇ ਪੂਜਿਆ ਅਤੇ ਸਤਿਕਾਰਿਆ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਪਹਿਲਾਂ ਹੀ ਕਿਹਾ ਸੀ–'ਗੁਜਰੀ ! ਅਸਾਂ ਇਕਾਂਤ ਰਹਿ ਕੇ ਭਗਤੀ ਕਰਨੀ ਹੈ। ਅਕਾਲ ਪੁਰਖ ਦਾ ਭਾਣਾ ਹੀ ਐਸਾ ਹੈ।' ਉਨ੍ਹਾਂ ਨੇ ਅਗੋਂ ਜਵਾਬ ਦਿਤਾ–'ਸਵਾਮੀ ਜੀ ! ਦਾਸੀ ਤੁਹਾਡੀ ਭਗਤੀ ਵਿਚ ਵਿਘਨ ਨਹੀਂ ਪਾਉਂਦੀ। ਸਿਰਫ ਇਤਨੀ ਕਿਰਪਾ ਕਰੋ ਕਿ ਆਪਣੇ ਦਰਸ਼ਨਾਂ ਤੋਂ ਵਾਂਝਿਆਂ ਨ ਕਰੋ, ਕਿਉਂਕਿ ਦਾਸੀ ਤੁਹਾਡੇ ਦਰਸ਼ਨਾਂ ਤੋਂ ਬਿਨਾ ਜੀ ਨਹੀਂ ਸਕੇਗੀ।''

ਉਨ੍ਹਾਂ ਨੂੰ ਦਰਸ਼ਨ ਕਰਨ ਦੀ ਖੁਲ੍ਹ ਮਿਲ ਗਈ। ਉਹ ਸਾਰਾ ਦਿਨ ਕੱਚੇ ਕੋਠੇ ਦੇ ਬਾਹਰ ਬੂਹੇ ਅਗੇ ਬੈਠੇ ਰਹਿੰਦੇ ਸਨ। ਜਦੋਂ ਦਰਸ਼ਨਾਂ ਨੂੰ ਦਿਲ ਬਹੁਤ ਉਛਲਦਾ ਸੀ ਤਾਂ ਧਾ ਕੇ ਅੰਦਰ ਚਲੇ ਜਾਂਦੇ ਸਨ ਅਤੇ ਪਤੀ ਜੀ ਦੇ ਚਰਨਾਂ ਤੇ ਸਿਰ ਰਖ ਕੇ ਸਦਾ ਖੁਸ਼ ਹੁੰਦੇ ਸਨ। ਗੁਰਬਾਣੀ ਦੀ ਇਹ ਤੁਕ ਸਦਾ ਯਾਦ ਰਹਿੰਦੀ ਸੀ :–

ਭਰਤਾ ਕਹੈ ਸੁ ਮਾਨੀਐ,
ਏਹੁ ਸੀਗਾਰੁ ਬਣਾਇ ਰੀ ॥
ਦੂਜਾ ਭਾਉ ਵਿਸਾਰੀਐ,
ਏਹੁ ਤੰਬੋਲਾ ਖਾਇ ਰੀ ॥੨॥

[ਆਸਾ ਮਹਲਾ ੫ ਪੰਨਾ ੪੦੦

ਉਸ ਸਮੇਂ ਉਨ੍ਹਾਂ ਨੂੰ ਗਰੀਬੀ ਦੇ ਦਿਨ ਵੀ ਬਹੁਤ ਦੇਖਣੇ ਪਏ। ਰੁਖੀ ਮਿਸੀ ਜੋ ਵੀ ਮਿਲਦੀ ਸੀ, ਉਸ ਵਿਚ ਹੀ ਸ਼ੁਕਰ ਕਰਦੇ ਸਨ।

ਪ੍ਰੋਫੈਸਰ ਸਾਹਿਬ ਸਿੰਘ ਜੀ ਦੀ ਲਿਖਤ ਅਨੁਸਾਰ ਇਸ ਤਰ੍ਹਾਂ ਭਗਤੀ ਕਰਦੇ ਹੋਏ ਗੁਰੂ ਸਾਹਿਬ ਨੇ ਬਕਾਲੇ ਵਿਚ ਤੀਹ ਸਾਲ ਗੁਜ਼ਾਰੇ।

[ਜੀ: ਬ੍ਰਿ: ਸ੍ਰੀ ਗੁਰੂ ਤੇਗ ਬਹਾਦਰ ਜੀ, ਪੰਨਾ ੧੧

ਜਦੋਂ ਸੰਨ ੧੬੬੪ ਈਸਵੀ ਵਿਚ ਗੁਰੂ ਸਾਹਿਬ ਪ੍ਰਗਟ ਹੋਏ ਅਤੇ ਗੁਰੂ ਨਾਨਕ ਦੇਵ ਜੀ ਦੀ ਗਦੀ ਦੇ ਮਾਲਕ ਬਣੇ ਤਾਂ ਉਸ ਸਮੇਂ ਮਾਤਾ ਗੁਜਰੀ ਜੀ ਨੇ ਸਾਧ ਸੰਗਤ ਦੀ ਸੇਵਾ ਦਾ ਭਾਰ ਸਿਰ ਤੇ ਚੁਕ ਲਿਆ ਅਤੇ ਪਹਿਲਾਂ ਵਾਂਗ ਮਨ ਪ੍ਰਭੂ ਦੇ ਚਰਨਾਂ ਨਾਲ ਜੋੜੀ ਰਖਿਆ। ਸੰਨ ੧੬੭੫ ਈਸਵੀ ਵਿਚ ਜਦੋਂ ਗੁਰੂ ਤੇਗ ਬਹਾਦਰ ਜੀ ਦਿਲੀ ਵਿਖੇ ਸ਼ਹੀਦ ਹੋਏ ਤਾਂ ਮਾਤਾ ਗੁਜਰੀ ਜੀ ਨੇ ਜਿਸ ਤਰ੍ਹਾਂ ਭਾਣਾ ਮਿਠਾ ਕਰ ਕੇ ਮੰਨਿਆ, ਉਹ ਆਪਣੀ ਮਿਸਾਲ ਆਪ ਸੀ।

ਮਾਤਾ ਗੁਜਰੀ ਜੀ ਵਿਚ ਅਨੇਕਾਂ ਗੁਣ ਸਨ। ਉਨ੍ਹਾਂ ਦੇ ਗੁਣਾਂ ਨੂੰ ਨਿਖਾਰਨ ਵਾਲੀਆਂ ਕੁਝ ਕੁ ਘਟਨਾਵਾਂ ਉਨ੍ਹਾਂ ਦੇ ਪਵਿੱਤਰ ਜੀਵਨ ਵਿਚੋਂ ਹੇਠ ਲਿਖੇ ਅਨੁਸਾਰ ਹਨ। ਇਹ ਘਟਨਾਵਾਂ ਉਨ੍ਹਾਂ ਦੇ ਸਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੀਆਂ ਹਨ, ਜੋ ਉਸ ਸਮੇਂ ਗੁਰੂ ਨਾਨਕ ਸਾਹਿਬ ਜੀ ਦੀ ਗਦੀ ਤੇ ਜੋਤਿ ਜਗਾ ਰਹੇ ਸਨ।

(੧) ਸੰਨ ੧੭੦੧ ਈਸਵੀ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦਾਂ ਨੂੰ ਕਰੜੀ ਸਜ਼ਾ ਦਿਤੀ, ਕਿਉਂਕਿ ਮਸੰਦਾਂ ਵਿਚ ਬਹੁਤ ਖ਼ਰਾਬੀਆਂ ਆ ਗਈਆਂ ਸਨ। ਉਹ ਸੰਗਤਾਂ ਪਾਸੋਂ ਕਾਰ-ਭੇਟ ਲੈ ਕੇ ਆਪ ਹੀ ਖਾ ਜਾਂਦੇ ਸਨ। ਇਸ ਤਰ੍ਹਾਂ ਦਾ ਇਕ ਮਸੰਦ ਬਖਤ ਮਲ ਸੀ। ਉਹ ਕਾਬਲ ਤੇ ਕੰਧਾਰ ਵਿਚੋਂ ਕਾਰ ਭੇਟ ਉਗਰਾਹਿਆ ਕਰਦਾ ਸੀ। ਉਹ ਕਿਸੇ ਤਰ੍ਹਾਂ ਛੁਪਦਾ ਛੁਪਾਂਦਾ ਮਾਤਾ ਗੁਜਰੀ ਜੀ ਦੇ ਕੋਲ ਪਹੁੰਚ ਗਿਆ ਅਤੇ ਹੱਥ ਜੋੜ ਕੇ ਬੇਨਤੀ ਕੀਤੀ–''ਮਾਤਾ ਜੀਉ ! ਮੈਂ ਤੁਹਾਡੀ ਸ਼ਰਨ ਆਇਆ ਹਾਂ। ਮੈਨੂੰ ਕਿਸੇ ਤਰ੍ਹਾਂ ਬਚਾ ਲੋ। ਜੇ ਮੇਰੀ ਜਾਨ ਬਖਸ਼ੀ ਹੋ ਜਾਏ ਤਾਂ ਮੈਂ ਅਗੇ ਤੋਂ ਸਹੀ ਤੌਰ ਤੇ ਸਿਖ ਬਣ ਕੇ ਰਹਾਂਗਾ ਅਤੇ ਅਜਿਹੀਆਂ ਗ਼ਲਤੀਆਂ ਮੁੜ ਕੇ ਨਹੀਂ ਕਰਾਂਗਾ।''

ਮਾਤਾ ਜੀ ਨੂੰ ਉਸ ਤੇ ਦਇਆ ਆ ਗਈ ਅਤੇ ਆਪਣੇ ਸਪੁੱਤਰ ਜਗਤ ਗੁਰੂ ਨੂੰ ਕਹਿ ਕੇ ਉਸ ਨੂੰ ਬਖਸ਼ਵਾ ਦਿਤਾ।

ਇਸ ਵਿਚੋਂ ਮਾਤਾ ਗੁਜਰੀ ਜੀ ਦੇ ਦੋ ਗੁਣ ਪ੍ਰਗਟ



www.AKJ.Org

ਹੁੰਦੇ ਹਨ : ਸ਼ਰਨ ਆਏ ਦੀ ਲਾਜ ਰਖਣੀ ਅਤੇ ਦੂਜਾ ਦਿਲ ਦਾ ਦਇਆ ਨਾਲ ਭਰਪੂਰ ਹੋਣਾ।

(੨) ਮਾਤਾ ਜੀ ਰੋਜ਼ਾਨਾ ਨਿਤਨੇਮ ਤੋਂ ਇਲਾਵਾ ਸੁਖਮਨੀ ਸਾਹਿਬ ਦਾ ਪਾਠ ਵੀ ਕੀਤਾ ਕਰਦੇ ਸਨ। ਸੁਖਮਨੀ ਸਾਹਿਬ ਵਿਚ ਇਕ ਸ਼ਬਦ ਆਉਂਦਾ ਹੈ :—

ਪ੍ਰਭ ਕੀ ਆਗਿਆ ਆਤਮ ਹਿਤਾਵੈ ॥
ਜੀਵਨ ਮੁਕਤਿ ਸੋਊ ਕਹਾਵੈ ॥
ਤੈਸਾ ਹਰਖੁ ਤੈਸਾ ਉਸੁ ਸੋਗੁ ॥
ਸਦਾ ਅਨੰਦ ਤਹ ਨਹੀ ਬਿਓਗੁ ॥
ਤੈਸਾ ਸੁਵਰਨੁ ਤੈਸੀ ਉਸ ਮਾਟੀ ॥
ਤੈਸਾ ਅੰਮ੍ਰਿਤ ਤੈਸੀ ਬਿਖੁ ਖਾਟੀ ॥
ਤੈਸਾ ਮਾਨੁ ਤੈਸਾ ਅਭਿਮਾਨੁ ॥
ਤੈਸਾ ਰੰਕੁ ਤੈਸਾ ਰਾਜਾਨੁ ॥
ਜੋ ਵਰਤਾਏ ਸਾਈ ਜੁਗਤਿ ॥
ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥
੭॥ [ਅਸਟਪਦੀ ੯

ਮਾਤਾ ਜੀ ਨੇ ਇਸ ਸ਼ਬਦ ਦਾ ਵਿਚਾਰ ਕਰਦੇ ਹੋਏ ਸੋਚਿਆ ਕਿ ਗੁਰੂ ਸਾਹਿਬ ਵਿਚ ਇਹ ਵਡਿਆਈਆਂ ਸੁਤੇ ਸਿਧ ਹੀ ਮੌਜੂਦ ਹੋ ਸਕਦੀਆਂ ਹਨ। ਕੀ ਗੁਰੂ ਦਾ ਕੋਈ ਸਿੱਖ ਵੀ ਇਤਨੀ ਉਚੀ ਅਵਸਥਾ ਤੇ ਪਹੁੰਚ ਸਕਦਾ ਹੈ ਜੋ ਇਸ ਸ਼ਬਦ ਤੇ ਅਮਲ ਕਰਦਾ ਹੋਏ ? ਇਹ ਵਿਚਾਰ ਉਨ੍ਹਾਂ ਨੇ ਆਪਣੇ ਬੇਟੇ, ਜਗਤ ਗੁਰੂ ਅਗੇ ਰਖਿਆ। ਗੁਰੂ ਸਾਹਿਬ ਨੇ ਕਿਹਾ ਕਿ ਕਲ੍ਹ ਹੀ ਤੁਹਾਨੂੰ ਐਸਾ ਸਿਖ ਦਿਖਾ ਦਿਤਾ ਜਾਇਗਾ। ਅਗਲੇ ਹੀ ਦਿਨ ਗੁਰੂ ਸਾਹਿਬ ਨੇ ਬਾਬਾ ਗੁਰਬਖਸ਼ ਸਿੰਘ (ਭਾਈ ਰਾਮ ਕੌਰ ਜੀ) ਨੂੰ, ਜੋ ਬਾਬਾ ਬੁੱਢਾ ਜੀ ਦੀ ਵੰਸ ਵਿਚੋਂ ਸਨ, ਮਾਤਾ ਜੀ ਪਾਸ ਭੇਜਿਆ। ਬਾਬਾ ਗੁਰਬਖਸ਼ ਸਿੰਘ ਨੇ ਜਦੋਂ ਜਾ ਕੇ ਮਾਤਾ ਜੀ ਦੇ ਚਰਨਾਂ ਤੇ ਮਥਾ ਟੇਕਿਆ ਤਾਂ ਮਾਤਾ ਜੀ ਵੀ ਗੁਰੂ ਘਰ ਦੇ ਵਰੋਸਏ ਹੋਏ ਸਿਖ ਦੇ ਦਰਸ਼ਨ ਕਰ ਕੇ ਬਹੁਤ ਖੁਸ਼ ਹੋਏ ਅਤੇ ਪ੍ਰਸ਼ਾਦ ਪਾਣੀ ਦੀ ਸੇਵਾ ਵੀ ਕੀਤੀ। ਦਿਲ ਵਿਚ ਕੋਈ ਅਹੰਕਾਰ ਨਹੀਂ ਆਇਆ ਕਿ ਮੈਂ ਜਗਤ-ਗੁਰੂ ਦੀ ਮਾਤਾ ਹੋ ਕੇ ਇਕ ਸਿਖ ਦੀ ਸੇਵਾ ਕਰ ਰਹੀ ਹਾਂ। ਉਹ ਤਾਂ ਸਮਝਦੇ ਸਨ ਕਿ ਅਜ ਇਕ ਸੰਤ-ਗੁਰਸਿਖ ਦੀ ਸੇਵਾ ਕਰ ਕੇ ਮੇਰਾ ਜਨਮ ਸਫਲਾ ਹੋ ਰਿਹਾ ਹੈ।

ਇਹ ਸੀ ਮਾਤਾ ਗੁਜਰੀ ਜੀ ਦਾ ਕਮਾਲ ਦਾ ਜੀਵਨ।

(੩) ਅਨੰਦਪੁਰ ਸਾਹਿਬ ਛਡਣ ਵਿਚ ਮਾਤਾ ਗੁਜਰੀ ਜੀ ਦਾ ਬਹੁਤ ਵੱਡਾ ਹੱਥ ਸੀ। ਠਾਕਰ ਦੇਸ ਰਾਜ ਜੀ ਲਿਖਦੇ ਹਨ ਕਿ ਮਾਤਾ ਗੁਜਰੀ ਜੀ ਅਤਿ-ਅੰਤ ਬੁਧੀਮਾਨ ਔਰ ਧੀਰਜ ਵਾਲੀ ਥੀਂ। ਗੁਰੂ ਗੋਬਿੰਦ ਸਿੰਘ ਜੀ ਆਪ ਕੀ ਕਿਸੀ ਭੀ ਆਗਿਆ ਕਾ ਉਲੰਘਨ ਨਹੀਂ ਕਰਤੇ ਥੇ। ਅਨੰਦਪੁਰ ਕੋ ਛੋੜਨੇ ਕੀ ਉਨ ਕੀ ਇਛਾ ਨ ਥੀ। ਸਿੱਖੋਂ ਕੇ ਸਾਥ ਹੀ ਮਾਤਾ ਜੀ ਨੇ ਉਨਹੇਂ ਅਨੰਦਪੁਰ ਛੋੜਨੇ ਕੋ ਬਾਧਯ ਕੀਆ। ਕਾਰਨ ਯਹ ਥਾ ਕਿ ਮਾਤਾ ਜੀ ਦਿਆਲੂ ਭੀ ਊਂਚੇ ਦਰਜੇ ਕੀ ਥੀਂ। ਚੂੰਕਿ ਵਹਾਂ ਸਾਮਗ੍ਰੀ ਕੇ ਨਿਬਟ ਜਾਨੇ ਕੇ ਕਾਰਨ ਸਿੱਖ ਲੋਗ ਭੂਖ ਸੇ ਛਟਪਟਾ ਰਹੇ ਥੇ। ਆਪ ਉਨ ਕੇ ਕਸ਼ਟ ਕੋ ਬਰਦਾਸ਼ਤ ਨ ਕਰ ਸਕੀਂ ਔਰ ਉਸ ਕਾ ਫਲ ਯਹ ਹੂਆ ਕਿ ਆਪ ਕੋ ਫਿਰ ਸੇ ਭਾਰੀ ਵਿਪਤੀ ਝੇਲਣੀ ਪੜੀ।

[ਸਿਖ ਇਤਿਹਾਸ, ਹਿੰਦੀ, ਪੰਨਾ ੫੩੨

ਇਸ ਤੋਂ ਸਾਬਤ ਹੁੰਦਾ ਹੈ ਕਿ ਮਾਤਾ ਗੁਜਰੀ ਜੀ ਨੇ ਆਪਣੇ ਦੁਖਾਂ ਦੀ ਰਤਾ ਵੀ ਪਰਵਾਹ ਨਾ ਕੀਤੀ, ਪਰ ਸਿੱਖਾਂ ਦੀ ਬੁਰੀ ਦਸ਼ਾ ਵੇਖ ਕੇ ਉਨ੍ਹਾਂ ਦਾ ਮਨ ਤੜਪ ਉਠਿਆ।

**ਸ਼ਹੀਦੀ ਕਾਂਡ –**

ਸਰਸਾ ਨਦੀ ਨੂੰ ਪਾਰ ਕਰਨ ਲਗਿਆਂ ਗੁਰੂ-ਘਰ ਦਾ ਰਸੋਈਆ ਗੰਗਾ ਰਾਮ, ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਫਤਹ ਸਿੰਘ ਅਤੇ ਬਾਬਾ ਜ਼ੋਰਾਵਰ ਸਿੰਘ ਨੂੰ ਆਪਣੇ ਪਿੰਡ 'ਖੇੜੀ' ਲੈ ਗਿਆ। 'ਖੇੜੀ' ਸਰਹੰਦ ਤੋਂ ੧੧ ਮੀਲ ਉਤਰ-ਪੂਰਬ ਵਾਲੇ ਪਾਸੇ ਹੈ। ਗੰਗਾ ਰਾਮ ਸਿਦਕ ਤੋਂ ਡੋਲ ਕੇ ਬੇਵਫ਼ਾ ਹੋ ਗਿਆ। ਉਸ ਨੇ ਇਨਾਮ ਦੇ ਲਾਲਚ ਵਿਚ ਆ ਕੇ ਅਤੇ ਚੋਰੀ ਦਾ ਝੂਠਾ ਇਲਜ਼ਾਮ ਲਗਾਕੇ ਇਨ੍ਹਾਂ ਨੂੰ ਗ੍ਰਿਫਤਾਰ ਕਰਵਾ ਦਿਤਾ।



www.AKJ.Org

ਇਸ ਤਰ੍ਹਾਂ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਸਰਹੰਦ ਲਿਜਾਏ ਗਏ। ਸਰਹੰਦ ਦਾ ਨਵਾਬ ਵਜ਼ੀਰ ਖਾਂ ਸੀ। ਉਸ ਦੇ ਹੁਕਮ ਨਾਲ ਇਕ ਬੁਰਜ ਵਿਚ ਕੈਦ ਕਰ ਦਿਤਾ ਗਿਆ। ਕੈਦ ਵਿਚ ਮਾਤਾ ਗੁਜਰੀ ਜੀ ਨੇ ਆਪਣੇ ਪੋਤਰਿਆਂ ਨੂੰ ਸਿਖਿਆ ਦੇਂਦੇ ਹੋਏ ਕਿਹਾ ਕਿ ਤੁਸੀਂ ਆਪਣੇ ਦਾਦਾ ਦੀ ਤਰ੍ਹਾਂ ਸ਼ਹੀਦ ਹੋਣਾ। ਧਰਮ ਨਹੀਂ ਹਾਰਨਾ। ਵੈਰੀ ਤੁਹਾਨੂੰ ਧਰਮ ਤੋਂ ਡੇਗਣ ਦੀ ਬੜੀ ਕੋਸ਼ਸ਼ ਕਰਨਗੇ, ਪਰ ਤੁਸੀਂ ਕਿਸੇ ਡਰਾਵੇ ਜਾਂ ਲਾਲਚ ਵਿਚ ਨਹੀਂ ਆਉਣਾ। ਫਿਰ ਤੁਸੀਂ ਆਪਣੇ ਬਹਾਦਰ ਪਿਤਾ ਗੁਰੂ ਗੋਬਿੰਦ ਸਿੰਘ ਦੇ ਪੁਤਰ ਹੋ। ਧਿਆਨ ਰੱਖਣਾ ਕਿ ਉਨ੍ਹਾਂ ਦੇ ਨਾਂ ਨੂੰ ਵੱਟਾ ਨ ਲਗੇ।

ਹੁਣ ਵਜ਼ੀਰ ਖਾਂ ਦੇ ਜ਼ੁਲਮ ਸ਼ੁਰੂ ਹੋਏ। ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਕਈ ਤਸੀਹੇ ਦਿਤੇ ਗਏ। ਭੁਖਿਆਂ ਤੇ ਪਿਆਸਿਆਂ ਰਖਿਆ ਗਿਆ। ਸਾਹਿਬ-ਜ਼ਾਦਿਆਂ ਨੂੰ ਆਪਣੀ ਦਾਦੀ ਨਾਲੋਂ ਵਿਛੋੜ ਦਿਤਾ ਗਿਆ। ਮਾਤਾ ਗੁਜਰੀ ਜੀ ਨੇ ਉਸ ਸਮੇਂ ਜਿਸ ਤਰ੍ਹਾਂ ਸਿਦਕ ਤੇ ਭਰੋਸਾ ਨਿਭਾਇਆ, ਉਸ ਨੂੰ ਦੇਖਦੇ ਹੋਏ ਭਾਈ ਵੀਰ ਸਿੰਘ ਨੇ ਕਿਹਾ ਹੈ ਕਿ 'ਆਹ! ਪਿਆਰੀ ਮਾਤਾ! ਤੂੰ ਕੀਹ ਕੀਹ ਨਾ ਸਾਡੇ ਪਾਪੀਆਂ ਲਈ ਸਹਾਰਿਆ। ਤੇਰੀ ਗੋਦ ਵਿਚ ਖੇਡਦੇ ਲਾਲ ਬੀ ਪਰਾਹੁਣੇ ਹਨ, ਤੇ ਤੈਂ ਆਪ ਬੀ ਆਪਣੀ ਜਾਨ ਤਲੀ ਪੁਰ ਧਰੀ ਹੋਈ ਹੈ। ਸਾਰੀਆਂ ਬਲੀਆਂ ਦੇਸ਼ ਦੇ ਛੁਟਕਾਰੇ ਲਈ ਹਨ।'

[ਸ੍ਰੀ ਕਲਗੀਧਰ ਚਮਤਕਾਰ—ਦੂਜਾ ਅੱਧ, ਪੰਨਾ੧੧੨

ਛੋਟੇ ਸਾਹਿਬਜ਼ਾਦੇ ਧਰਮ ਵਿਚ ਪਕੇ ਰਹੇ। ਉਨ੍ਹਾਂ ਨੂੰ ਜੀਉਂਦਾ ਨੀਹਾਂ ਵਿਚ ਚਿਣ ਕੇ ਸ਼ਹੀਦ ਕਰ ਦਿਤਾ ਗਿਆ। ਜਦੋਂ ਇਹ ਖ਼ਬਰ ਮਾਤਾ ਗੁਜਰੀ ਜੀ ਨੂੰ ਮਿਲੀ ਤਾਂ ਉਹ ਵੀ ਆਪਣੇ ਪ੍ਰਾਣ ਤਿਆਗ ਗਏ।

ਕਈ ਇਤਿਹਾਸਕਾਰ ਲਿਖਦੇ ਹਨ ਕਿ ਮਾਤਾ ਗੁਜਰੀ ਜੀ ਨੂੰ ਮਹਿਲ ਤੋਂ ਡੇਗ ਕੇ ਸ਼ਹੀਦ ਕਰ ਦਿਤਾ ਗਿਆ ਸੀ।

ਟੋਡਰ ਮਲ ਇਕ ਗੁਰੂ ਦਾ ਸਿੱਖ ਸੀ। ਉਸ ਨੇ ਨਵਾਬ ਵਜ਼ੀਰ ਖਾਂ ਨੂੰ ਬਹੁਤ ਸਾਰਾ ਧਨ ਦੇ ਕੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦਾ ਸਸਕਾਰ ਕਰਨ ਲਈ ਥੋੜੀ ਜਿਹੀ ਥਾਂ ਲੈ ਲਈ ਅਤੇ ਇਨ੍ਹਾਂ ਦਾ ਸਸਕਾਰ ਕੀਤਾ। ਜਿਥੇ ਇਨ੍ਹਾਂ ਦਾ ਸਸਕਾਰ ਕੀਤਾ ਗਿਆ ਸੀ, ਉਥੇ ਅੱਜ ਕਲ੍ਹ ਗੁਰਦਵਾਰਾ 'ਜਯੋਤੀ ਸਰੂਪ' ਹੈ।

ਨੋਟ—ਮਾਤਾ ਗੁਜਰੀ ਜੀ ਇਕ ਅੰਮ੍ਰਿਤਧਾਰੀ ਸਿੰਘਣੀ ਸਨ ਅਤੇ ਪੂਰਨ ਖਾਲਸਾ ਵਰਦੀ ਵਿਚ ਸਨ। ਇਤਿਹਾਸ ਵਿਚ ਤਾਂ ਇਹ ਵੀ ਲਿਖਿਆ ਹੋਇਆ ਮਿਲਦਾ ਹੈ ਕਿ ਅੰਮ੍ਰਿਤ ਛਕਣ ਤੋਂ ਬਾਅਦ ਆਪ ਦਾ ਨਾਮ 'ਮਾਤਾ ਗੁਜਰ ਕੌਰ' ਹੋ ਗਿਆ ਸੀ, ਪਰ ਪ੍ਰਸਿਧ ਨਾਮ 'ਮਾਤਾ ਗੁਜਰੀ ਜੀ' ਰਿਹਾ।

----

## ਕਿਰਤੀ ਦੀ ਪੁਕਾਰ

[ਸ: ਦੇਵਾ ਸਿੰਘ ਜੀ ਕਿਰਤੀ]

ਵੇਖੋ ਖਾਂ ਫਿਰ ਹੁਣ ਆਣ ਕੇ ਕੀ ਹਾਲ ਹੋ ਗਿਆ!
ਪੰਥ ਦਾ ਦੁਖੀ ਜੇ ਵਾਲ ਵਾਲ ਹੋ ਗਿਆ!

ਬਾਗਬਾਨ ਬਣ ਗਏ ਵੈਰੀ ਨੇ ਬਾਗ ਦੇ,
ਬਰਬਾਦ ਕਰ ਕੇ ਛਡਣਾ ਖ਼ਿਆਲ ਹੋ ਗਿਆ!

ਹਥੀਂ ਮੁਆਤੇ ਫੜ ਲਏ ਨੇ ਬਾਲ ਬਾਲ ਕੇ,
ਕਿਵੇਂ ਨੇ ਵੇਂਹਦੇ ਵੇਂਹਦਿਆਂ ਜ਼ਵਾਲ ਹੋ ਗਿਆ!

ਅਣਖ ਗ਼ੈਰਤ ਧਰਮ ਸ਼ਰਮਾਂ ਉੱਕਾ ਹੀ ਉਡੀਆਂ,
ਮੁਸ਼ਕਲ ਹੈ ਡਾਢਾ ਜੀਵਣਾ ਸਵਾਲ ਹੋ ਗਿਆ!

ਕਿਥੇ ਸੁਣਾਈਏ ਹੋਰ ਜਾ, ਦਸੋ ਸਹੀ ਜ਼ਰਾ,
ਸਰਦਾਰ ਸੀ ਅਖਵਾਂਵਦਾ, ਕੰਗਾਲ ਹੋ ਗਿਆ।

ਡਿਗੇ ਨੇ ਉਚੇ ਥੰਮ, ਤੇੜੋਂ ਤੇੜ ਹੋ ਗਏ,
'ਕਿਰਤੀ' ਇਹ ਰੋਗ ਫੁਟ ਦਾ, ਭੁਚਾਲ ਹੋ ਗਿਆ।



www.AKJ.Org

# ਪ੍ਰੇਮ-ਯਾਦਾਂ

[ ਵਲੋਂ—ਡਾਕਟਰ ਪਰਗਟ ਸਿੰਘ ਜੀ, ਦਿਲੀ ]

ਦਾਸ ੧੯੨੭ ਵਿਚ ਡਾਕਟਰੀ ਪ੍ਰੈਕਟਿਸ ਖ਼ਾਤਰ ਰਾਵਲਪਿੰਡੀ ਸ਼ਹਿਰ ਪੁਜਿਆ । ਸਚਖੰਡਵਾਸੀ ਡਾ: ਗੁਰਬਖਸ਼ ਸਿੰਘ ਜੀ ਮਾਈ ਵੀਰੋ ਦੀ ਬੰਨ੍ਹੀ ਹਸਪਤਾਲ ਵਿਚ ਕੰਮ ਕਰਦੇ ਸਨ। ਉਨ੍ਹਾਂ ਨੂੰ ਬੀਮਾਰਾਂ ਨੇ ਪੁਛਣਾ, ਆਰਾਮ ਕਦ ਆਏਗਾ ਤਾਂ ਸਹਿਜ ਸੁਭਾ ਕਹਿਣਾ, ਆਰਾਮ ਤਾਂ ਰਾਮ ਨੇ ਦੇਣਾ ਹੈ, ਮੈਂ ਆਪਣੀ ਤੁਛ ਬੁਧੀ ਅਨੁਸਾਰ ਸੇਵਾ ਕਰਨੀ ਹੈ। ਆਪ ਜੀ ਦਾ ਸਾਰੇ ਸਤਿਕਾਰ ਕਰਦੇ ਸਨ । ਇਨ੍ਹਾਂ ਨੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਜਥੇਦਾਰੀ ਵਿਚ ਲਾਇਲਪੁਰ(ਪਾਕਿਸਤਾਨ)ਵਿਖੇ ਭਾ:ਸਾਹਿਬ ਦੇ ਜੇਲ੍ਹ-ਯਾਤ੍ਰਾ ਜਾਣ ਤੋਂ ਪਹਿਲਾਂ ਅੰਮ੍ਰਿਤ ਪਾਨ ਕੀਤਾ ਸੀ।

ਇਨ੍ਹਾਂ ਕਰਕੇ ਹੀ ਰਾਵਲਪਿੰਡੀ ਵਿਖੇ ਸ੍ਰੀ ਬਾਬੂ ਮਲ ਸਿੰਘ ਜੀ ਆਪਣਿਆਂ ਸਾਥੀਆਂ ਸਮੇਤ ਗਰ-ਮੀਆਂ ਦੀਆਂ ਛੁਟੀਆਂ ਵਿਚ ਹਰ ਸਾਲ ਹੀ ਕੀਰਤਨ-ਫੇਰੀ ਪਾਂਦੇ ਸਨ। ਕੀਰਤਨ ਦੀ ਖੁਸ਼ਬੂ ਸਾਰੀ ਪਿੰਡੀ ਵਿਚ ਸੀ। ਸੰਗਤਾਂ ਅੰਮ੍ਰਿਤ-ਬਾਟਾ ਵੀ ਹੁਮ ਹੁਮਾ ਕੇ ਛਕਦੀਆਂ । ਬਹੁਤ ਸਾਰੀਆਂ ਰੂਹੜੀਆਂ ਜਹਾਜ਼ੇ ਚੜ੍ਹ ਚੁਕੀਆਂ ਸਨ।

ਦਾਸ ਨੂੰ ੧੯੩੦ ਵਿਚ ਕੀਰਤਨ ਦੀ ਹਾਜ਼ਰੀ ਭਰਨ ਦਾ ਸੁਭਾਗ ਪ੍ਰਾਪਤ ਹੋਇਆ। ਓਦੋਂ ਕੀਰਤਨ ੪ ਵਜੇ ਸਵੇਰ ਤੋਂ ਦੋ ਢਾਈ ਵਜੇ ਦੁਪਹਿਰ ਤਕ ਹੋਇਆ ਕਰਦੇ ਸਨ । ਘਰ ਵਾਲਿਆਂ ਦਾਸ ਨੂੰ ਇਕ ਮਰੀਜ਼ ਦੇਖਣ ਵਾਸਤੇ ਆਖਿਆ। ਇਹ ਮਰੀਜ਼ ਸਚਖੰਡਵਾਸੀ ਸੂਬੇਦਾਰ ਮੇਜਰ ਹਰਬਚਨ ਸਿੰਘ ਜੀ ਸਨ । ਸ੍ਰੀ ਭਾਈ ਸਾਹਿਬ ਜੀਉ ਪਿਆਰ ਨਾਲ ਇਨ੍ਹਾਂ ਨੂੰ "ਦੂਲੇਸ਼ਰ" ਬੁਲਾਂਦੇ ਸਨ। ਮੈਂ ਅਗੇ ਵੀ ਦਰਸ਼ਨ ਕਰ ਚੁਕਾ ਸਾਂ। ਇਹ ਸ੍ਰੀ ਬਾਬੂ ਜੀਉ ਦੇ ਨਿਘੇ ਮਿਤਰ ਤੇ ਸਤਿਸੰਗੀ ਖਾਲਸਾ ਨਗਰ (ਉਕਾੜਾ—ਪਾਕਿਸਤਾਨ) ਵਿਚ ਗਵਾਂਢੀ ਸਨ। ਮੈਂ ਉਨ੍ਹਾਂ ਨੂੰ ਦੇਖਣ ਪਿਛੋਂ ਆਖਿਆ, ਪੱਕਾ ਪਤਾ ਨਹੀਂ ਦਸ ਸਕਦਾ । ਜੇ ਕਲ੍ਹ ਤਕ ਦਵਾਈ ਨਾਲ ਬੁਖ਼ਾਰ ਉਤਰ ਗਿਆ ਤਾਂ ਮਲੇਰੀਆ ਹੈ। ਪੱਕਾ ਪਤਾ ਕੱਲ੍ਹ ਲਗੇਗਾ। ਸਤਿਗੁਰੂ ਜੀ ਦੀ ਮਿਹਰ ਸਦਕਾ ਬੁਖ਼ਾਰ ਉਤਰ ਗਿਆ । ਬਾਬੂ ਜੀ ਕਹਿਣ ਲੱਗੇ, "ਤੁਸਾਂ ਤਾਂ ਸਾਨੂੰ ਬਹੁਤ ਡਰਾ ਦਿਤਾ ਸੀ।"

ਮੈਂ ਕਿਹਾ, "ਜੀਉ ਜੀ, ਜੋ ਕੁਝ ਮੈਂ ਦੇਖਿਆ, ਉਹ ਹੀ ਦਸਿਆ ਸੀ। ਇਹੋ ਜਿਹਾ ਸੋਹਣਾ ਸਰੀਰ ਹੋਵੇ ਤੇ ਕਮਜ਼ੋਰੀ ਹਦੋਂ ਵਧ !"

ਇਹ ਗੁਰਮੁਖ ਪਿਆਰੇ ਬੁਖ਼ਾਰ ਵਿਚ ਹੀ ਆਪਣੀ ਛਾਵਣੀ ਤੋਂ ਪੈਦਲ ਚਲ ਕੇ ਨੌਸ਼ਹਿਰੇ ਪੁਜੇ ਸਨ। ਰੇਲ ਦਾ ਸਫਰ ਪਿੰਡੀ ਤਕ ਸਫਰ ਕੀਤਾ। ਕੀਰਤਨ ਦੀਆਂ ਪੂਰੀਆਂ ਹਾਜ਼ਰੀਆਂ ਇਕੋ ਚੌਂਕੜੇ ਵਿਚ ਭਰੀਆਂ ।

ਸਚਖੰਡ ਵਾਸੀ ਸ: ਕਿਰਪਾਲ ਸਿੰਘ ਆਹਲੂ-ਵਾਲੀਆ ਉਨ੍ਹਾਂ ਦਿਨਾਂ ਵਿਚ ਰਾਵਲਪਿੰਡੀ ਸੰਗਤ ਦੇ ਜਥੇਦਾਰ ਸਨ । ਡਾਕਟਰ ਗੁਰਬਖ਼ਸ਼ ਸਿੰਘ ਜੀ ਦੀ ਬਦਲੀ ਕਿਸੇ ਹੋਰ ਥਾਂ ਹੋ ਚੁਕੀ ਸੀ। ਉਹਨਾਂ ਦੀ ਬਚੜੀ ਦੀ ਤਬੀਅਤ ਕੁਝ ਅਲੀਲ ਸੀ। ਬੱਚੀ ਦੀ ਸਿਹਤ ਬਹਾਲ ਕਰਨ ਦਾ ਇੰਤਜ਼ਾਮ ਮਰੀ ਦੇ ਪਾਸ ਕੰਪਨੀ ਬਾਗ਼ ਪਹਾੜ ਤੇ ਕੀਤਾ ਗਿਆ ਸੀ। ਬੇਬੇ ਡਾਕਦਾਰਨੀ ਤੇ ਸ:ਕਿਰਪਾਲ ਸਿੰਘ ਜੀ ਵੀ ਪਰਵਾਰ ਸਮੇਤ ਕੰਪਨੀ ਬਾਗ ਸਨ । ਜਥਾ ਵਾਪਸ ਜਾ ਚੁਕਾ ਸੀ। ਸ੍ਰੀ ਬਾਬੂ ਜੀ ਤੇ ਦੂਲੇਸ਼ਰ ਜੀ ਕੁਝ ਦਿਨ ਕੰਪਨੀ ਬਾਗ ਟਿਕੇ । ਕਿਰਪਾਲ ਸਿੰਘ ਜੀ ਦੇ ਉਤਸ਼ਾਹ ਦੇਣ ਤੇ ਇਕ ਸ਼ਨੀਵਾਰ ਨੂੰ ਉਨ੍ਹਾਂ ਨਾਲ ਦਾਸ ਵੀ ਗਿਆ। ਉਥੇ ਸਵੇਰੇ ਡਾਢੇ ਰੰਗਾਂ ਵਿਚ ਕੀਰਤਨ ਹੋਇਆ। ਐਤ ਸ਼ਾਮ ਵਾਪਸ ਆਪਣੇ ਕੰਮ ਤੇ ਪੁਜਣਾ ਸੀ। ਸ੍ਰੀ ਬਾਬੂ ਜੀ, ਦੂਲੇਸ਼ਰ ਜੀ ਤੇ ਕਿਰਪਾਲ ਸਿੰਘ ਜੀ ਬਸ ਤੇ ਬਿਠਾਣ ਆਏ। ਬਿਖੜਾ ਪਹਾੜੀ ਪੈਂਡਾ ਸੀ। ਬਥੇਰੀਆਂ ਬੇਨਤੀਆਂ ਖੇਚਲ ਨਾ ਕਰਨ ਵਾਸਤੇ ਕੀਤੀਆਂ, ਇਕ ਨਾ ਸੁਣੀ ਗਈ। ਬਸ ਚੜ੍ਹਨ ਤੋਂ ਪਹਿਲਾਂ ਸ੍ਰੀ ਬਾਬੂ ਜੀ ਨਾਲ



www.AKJ.Org

ਪਹਿਲੀ ਵਾਰੀ ਜਫੀ ਪਾਣ ਦਾ ਸ਼ੁਭ ਅਵਸਰ ਮਿਲਿਆ। ਕੁਝ ਦਿਨਾਂ ਪਿਛੋਂ ਇਹ ਜੋੜੀ ਘਰਾਂ ਨੂੰ ਚਾਲੇ ਪਾਣ ਵਾਸਤੇ ਤਿਆਰ ਹੋਈ। ਪਿੰਡੀ ਦੀ ਸੰਗਤ ਰੇਲਵੇ ਸਟੇਸ਼ਨ ਤੇ ਪੁਜੀ। ਮੁੜ ਬਾਬੂ ਜੀ ਦੀ ਜਫੀ ਪ੍ਰਾਪਤ ਹੋਈ। ਉਸ ਦਾ ਸਵਾਦ ਕੀ ਦਸਾਂ, "ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ।"

੧੯੩੧ ਵਿਚ ਜਥਾ ਫੇਰ ਪਿੰਡੀ ਪੁਜਾ। ਅੰਮ੍ਰਿਤ-ਸਿੰਚਾਰ ਹੋਣਾ ਸੀ। ਮੇਰੀ ਸਿੰਘਣੀ (ਇੰਦਰ ਕੌਰ) ਨੇ ਅੰਮ੍ਰਿਤ ਨਹੀਂ ਛਕਿਆ ਹੋਇਆ ਸੀ। ਜਦੋਂ ੧੯੩੦ ਵਿਚ ਜੱਥਾ ਪਿੰਡੀ ਆਇਆ ਸੀ ਤਾਂ ਉਨ੍ਹਾਂ ਦਿਨਾਂ ਵਿਚ ਉਹ ਪਿੰਡੀ ਨਹੀਂ ਸੀ। ਇੰਦਰ ਕੌਰ ਨੇ ਸ੍ਰੀ ਬਾਬੂ ਜੀ ਅਗੇ ਜਹਾਜ਼ੇ ਚੜ੍ਹਨ ਵਾਸਤੇ ਬੇਨਤੀ ਕੀਤੀ। ਸਾਡਾ ਅਨੰਦ ਕਾਰਜ ੧੯੨੭ ਵਿਚ ਹੋਇਆ ਸੀ। ਉਦੋਂ ਇਕਰਾਰ ਕੀਤਾ ਗਿਆ ਸੀ ਕਿ ਜਿਤਨੀ ਜਲਦੀ ਹੋ ਸਕੇਗਾ, ਅੰਮ੍ਰਿਤ-ਪਾਨ ਕਰਾਇਆ ਜਾਏਗਾ।

ਮੈਂ ੧੯੧੭ ਵਿਚ ਗੁਰਮੁਖ ਪਿਆਰੇ ਸੰਤ ਅਤਰ ਸਿੰਘ ਜੀ ਦੀ ਜਥੇਦਾਰੀ ਵਿਚ ਅੰਮ੍ਰਿਤ ਪਾਨ ਕੀਤਾ ਸੀ। ਚਿਤ ਕਰਦਾ ਸੀ ਕਿ ਇੰਦਰ ਕੌਰ ਵੀ ਕਿਸੇ ਗੁਰਮੁਖ ਪੰਚ ਸਮਾਗਮ ਵਿਚ ਅੰਮ੍ਰਿਤ ਛਕੇ। ਨਿਸਚਿਤ ਦਿਨ ਮੈਂ ਬਾਬੂ ਜੀ ਪਾਸ ਬੈਠਾ ਸੀ। ਬਾਬੂ ਜੀ ਨੇ ਦਸਿਆ, ਜਥੇ ਦੇ ਨਿਯਮਾਂ ਅਨੁਸਾਰ ਮੈਨੂੰ ਵੀ ਮੁੜ ਕੇ ਅੰਮ੍ਰਿਤ ਛਕਣਾ ਪਏਗਾ।

"ਜੀਉ, ਮੈਂ ਸਤਿਗੁਰੂ ਦੀ ਮਿਹਰ ਸਦਕਾ ਕੋਈ ਕੁਰਹਿਤ ਨਹੀਂ ਕੀਤੀ, ਮੈਂ ਮੁੜ ਅੰਮ੍ਰਿਤ ਛਕਣ ਨੂੰ ਤਿਆਰ ਨਹੀਂ।"

ਨਿਯਮਾਂ ਅਨੁਸਾਰ ਜਦ ਇਕ ਅੰਮ੍ਰਿਤਧਾਰੀ ਅਨ-ਅੰਮ੍ਰਿਤਧਾਰੀ ਨਾਲ ਅਨੰਦ ਕਾਰਜ ਕਰਦਾ ਹੈ, ਇਹ ਕੁਰਹਿਤ ਹੈ, ਪਰ-ਨਾਰੀ ਗਮਨ।"

ਮੈਂ ਕੰਬ ਗਿਆ, "ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸੰਗਤ ਅਰਦਾਸਾ ਕਰ ਕੇ ਜਿਸ ਸਿੰਘਣੀ ਨੂੰ ਮੇਰੇ ਲੜ ਲਾਂਦੀ ਹੈ, ਮੈਂ ਉਸ ਨੂੰ ਪਰ-ਨਾਰੀ ਮੰਨਣ ਨੂੰ ਤਿਆਰ ਨਹੀਂ।"

"ਫਿਰ ਬੀਬੀ ਨੂੰ ਅੰਮ੍ਰਿਤ ਛਕਾ ਕੇ ਭਾਂਡਾ ਅਲਗ ਕਰ ਦਿਤਾ ਜਾਏ।"

"ਮੈਂ ਆਪ ਪਾਸ ਬੈਠਾ ਹਾਂ, ਤੁਸੀਂ ਇੰਦਰ ਕੌਰ ਨੂੰ ਬੁਲਾ ਭੇਜੋ, ਜੇ ਉਸ ਨੂੰ ਮਨਜ਼ੂਰ ਹੈ ਤਾਂ ਮੈਂ ਸੰਤੁਸ਼ਟ ਹਾਂ।"

ਇੰਦਰ ਕੌਰ ਆ ਗਈ। ਸਿੰਘ ਤਿਆਰ ਹੋ ਚੁਕੇ ਸਨ। ਅੰਮ੍ਰਿਤ ਸਿੰਚਾਰ ਹੋਇਆ। ਸ੍ਰੀ ਬਾਬੂ ਜੀ ਨੇ ਫੁਰਮਾਇਆ, "ਡਾਕਟਰ ਜੀ, ਅੰਮ੍ਰਿਤ ਵੇਲੇ ਉਠਣਾ ਹੋਏਗਾ।"

"ਆਦਤਾਂ ਤਾਂ ਸੂਰਜ ਚੜ੍ਹੇ ਉਠਣ ਦੀਆਂ ਹਨ ਜੀ।"

"ਸਤਿਗੁਰੂ ਜੀਉ ਆਪ ਬਖਸ਼ਸ਼ ਕਰਨਗੇ।"

ਅੰਮ੍ਰਿਤ ਪਾਨ ਕਰਨ ਪਿਛੋਂ ਅੰਮ੍ਰਿਤ ਵੇਲੇ ਕਿਸ ਦੀ ਮਜਾਲ ਕਿ ਮੰਜੇ ਤੇ ਪੈ ਸਕੇ। ਅੰਮ੍ਰਿਤ-ਸਿੰਚਾਰ ਦਾ ਇਹ ਕ੍ਰਿਸ਼ਮਾ ਦੇਖਦਿਆਂ ਦਾਸਰਾ ਮਸਤਾਨਾ ਹੋ ਗਿਆ। ਬਾਬੂ ਜੀ ਸਾਥੀਆਂ ਸਮੇਤ ਵਾਪਸ ਚਲੇ ਗਏ, ਪਰ ਪਿੰਡੀ ਸੰਗਤ ਦੇ ਭਾ ਦੀ ਬਣ ਗਈ। ਪੁਲੀਸ ਐਨਕੁਆਰੀ ਤੱਕ ਨੌਬਤ ਆਈ। ਸੰਗਤ ਵਲੋਂ ਪੰਜ ਸਿੰਘ ਤਰਨ ਤਾਰਨ ਸਾਹਿਬ ਪੁਜੇ। ਸ੍ਰੀ ਭਾਈ ਸਾਹਿਬ (ਭਾ: ਰਣਧੀਰ ਸਿੰਘ ਜੀ) ਜੇਲ੍ਹ ਯਾਤਰਾ ਪਿਛੋਂ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰ ਕੇ ਤਰਨ ਤਾਰਨ ਸਾਹਿਬ ਪੁਜੇ ਹੋਏ ਸਨ। ਦਾਸਰੇ ਨੂੰ ਅਰੋਗਤਾ ਦੇ ਅਰਦਾਸੇ ਦੀ ਬਖਸ਼ਸ਼ ਹੋਈ। ਦੂਲੇਸ਼ਰ ਜੀ ਸਤਿਗੁਰੂ ਜੀ ਦਾ ਪ੍ਰਸ਼ਾਦ ਤੇ ਹੁਕਮਨਾਮਾ ਲੈ ਕੇ ਪਿੰਡੀ ਪੁਜੇ। ਕੁਝ ਦਿਨਾਂ ਪਿਛੋਂ ਪ੍ਰੋਗਰਾਮ ਬਣਿਆ। ਸ: ਕਿਰਪਾਲ ਸਿੰਘ ਪਰਵਾਰ ਅਤੇ ਦਾਸਰਾ ਪਰਵਾਰ ਅੰਮ੍ਰਿਤਸਰ ਜੀ ਪੁਜੇ। ਉਥੋਂ "ਖਾਲਸਾ ਨਗਰ" ਲਈ ਜਦ ਉਕਾੜਾ ਰੇਲਵੇ ਸਟੇਸ਼ਨ ਤੇ ਪੁਜੇ ਤਾਂ ਸਾਡੀ ਹੈਰਾਨਗੀ ਦੀ ਹਦ ਹੋ ਗਈ, ਸ੍ਰੀ ਬਾਬੂ ਜੀ ਤੇ ਦੂਲੇਸ਼ਰ ਜੀ ਸਟੇਸ਼ਨ ਤੇ ਦਰਸ਼ਨ ਦੇ ਰਹੇ ਹਨ। ਸਾਡੇ ਵਲੋਂ ਕੋਈ ਖ਼ਬਰ ਅਗੇਤ੍ਰੀ ਨਹੀਂ ਭੇਜੀ ਗਈ ਸੀ। ਅਸੀਂ ਸਾਰੇ ਕੁਝ ਦਿਨ ਖਾਲਸਾ ਨਗਰ ਰਹੇ। ਸ: ਕਿਰਪਾਲ ਸਿੰਘ ਪਰਵਾਰ ਤਾਂ ਪਿੰਡੀ ਪਰਤਿਆ। ਦਾਸਰਾ ਪਰਵਾਰ ਨੇ ਸਮੇਤ ਬਾਬੂ ਜੀ ਤੇ ਦੂਲੇਸ਼ਰ



www.AKJ.Org

ਜੀ ਦੇ ਲੁਧਿਆਣੇ ਵਲ ਚਾਲੇ ਪਾਏ। ਉਥੋਂ ਪ੍ਰੋ: ਠਾਕਰ ਸਿੰਘ ਜੀ ਨੂੰ ਨਾਲ ਲੈ ਕੇ ਅਸੀਂ ਸੋਦਰੁ ਦੇ ਸਮਾਗਮ ਸਮੇਂ ਨਾਰੰਗਵਾਲ ਜਾ ਪੁਜੇ। ਬੀਬੀ ਦਲੇਰ ਕੌਰ ਕੀਰਤਨ ਪਿਛੋਂ ਰਹਿਰਾਸ ਜੀ ਦਾ ਪਾਠ ਕਰ ਰਹੀ ਸੀ। ਦਲੇਰ ਕੌਰ ਪਾਸੋਂ ਪਾਠ ਇੰਦਰ ਕੌਰ ਨੇ ਲਿਆ—"ਇਕ ਦਾਤੇ ਇਕਿ ਭਿਖਾਰੀ ਜੀ" ਹੁਣ ਤਕ ਕੰਨਾਂ ਵਿਚ ਗੂੰਜਦਾ ਹੈ। ਦਰਸ਼ਨ ਮੇਲੇ ਹੋਏ। ਪਹਿਲੀ ਵਾਰੀ ਸ੍ਰੀ ਭਾਈ ਸਾਹਿਬ ਜੀ ਦੀ ਸੁਭਾਗ ਛੋਹ ਪ੍ਰਾਪਤ ਹੋਈ, "ਗੁਰਸਿਖ ਮਿਲੈ ਗਲਾਟੈ"। ਦਾਸਰੇ ਦੀ ਹਾਲਤ ਮੁੜ ਕੁਝ ਮਸਤਾਨੀ ਹੋ ਗਈ।

ਬਾਬੂ ਜੀ ਨੂੰ ਫ਼ਿਕਰ ਹੋਇਆ। ਪੁਛਣ ਤੇ ਮੈਂ ਦਸਿਆ, ਮੈਂ ਤਾਂ ਭਾਈ ਸਾਹਿਬ ਦੇ ਦਰਸ਼ਨ ਤੇ ਇਸ ਬੁੰਗੇ ਦੇ ਦਰਸ਼ਨ ਪਹਿਲੇ ਕਰ ਚੁਕਾ ਹਾਂ। ਮੈਂ ਆਪਣੀ ਬੀਮਾਰੀ ਵਿਚ ਇਕ ਸੁਪਨ ਦਰਸ਼ਨ ਦੇਖਦਾ ਹਾਂ। ਜਿਥੇ ਸੋਦਰੁ ਦਾ ਸਮਾਗਮ ਹੋਇਆ ਸੀ, ਉਹ ਹੀ ਚੁਬਾਰਾ ਹੈ। ਦੋਹਾਂ ਪਾਸੇ ਪੌੜੀਆਂ ਹਨ। ਵਿਚਕਾਰ ਕਮਰੇ ਦੇ ਇਕ ਮੇਜ਼ ਲਗਾ ਹੈ। ਇਕ ਪਾਸੇ ਮੇਰਾ ਉਸਤਾਦ ਕਰਨਲ ਲਾਜ-ਪੇਚ ਕੁਰਸੀ ਤੇ ਬੈਠਾ ਹੈ, ਦੂਜੇ ਪਾਸੇ ਇਹੋ ਭਾਈ ਸਾਹਿਬ। ਆਪਸ ਵਿਚ ਬਹਿਸ ਕਰ ਰਹੇ ਹਨ। ਮੇਰਾ ਉਸਤਾਦ ਕਹਿੰਦਾ ਹੈ, ਇਸ ਵਿਚ ਸਾਰੀਆਂ ਨਿਸ਼ਾਨੀਆਂ ਪਾਗਲਪਨ ਦੀਆਂ ਮੌਜੂਦ ਹਨ। ਭਾਈ ਸਾਹਿਬ ਜੀ ਕਹਿ ਰਹੇ ਹਨ, ਤੂੰ ਭੁਲਦਾ ਹੈਂ, ਇਹ ਪਾਗਲ ਨਹੀਂ।

ਦਰਸ਼ਨ ਮੇਲੇ ਹੋਏ। ਸ੍ਰੀ ਭਾਈ ਸਾਹਿਬ ਜੀ ਤੇ ਉਨ੍ਹਾਂ ਦੇ ਪਰਵਾਰ ਨੇ ਬੜਾ ਪਿਆਰ ਕੀਤਾ, ਬੜੀਆਂ ਖ਼ਾਤਰਾਂ ਕੀਤੀਆਂ। ਚਾਲੇ ਵਾਲੇ ਦਿਨ ਭਾਈ ਸਾਹਿਬ ਜੀ ਨੂੰ ਕੁਝ ਬੁਖ਼ਾਰ ਦੀ ਖੇਚਲ ਸੀ। ਅਸਾਂ ਬੜੀਆਂ ਬੇਨਤੀਆਂ ਕੀਤੀਆਂ, ਆਪ ਜੀਉ ਆਪਣੇ ਬੁੰਗੇ ਟਿਕਣ, ਪਰ ਓਹ ਆਪਣੇ ਪਿੰਡ ਦੀ ਹਦ ਤਕ ਵਿਦਿਆ ਕਰਨ ਲਈ ਸਾਡੇ ਨਾਲ ਆਏ। ਉਨ੍ਹਾਂ ਪਾਸੋਂ ਇਕ ਸਰਬ ਲੋਹੇ ਦਾ ਸਿਮਰਨਾ, ਜਿਹੜਾ ਉਨ੍ਹਾਂ ਦੇ ਮਿੱਤਰ—ਜੇਲ੍ਹ ਸਾਥੀ ਭਾਈ ਕਰਤਾਰ ਸਿੰਘ ਜੀ—ਦੀ ਯਾਦ ਸੀ, ਦਾਸਰੇ ਨੇ ਮੰਗ ਲਿਆ। ਭਾਈ ਸਾਹਿਬ ਜੀ ਨੇ ਖਿੜੇ ਮੱਥੇ ਉਹ ਸਿਮਰਨਾ ਦਾਸ ਦੇ ਹਵਾਲੇ ਕਰ ਦਿਤਾ। ਜਦ ਤਕ ਅਸੀਂ ਦਿਸਦੇ ਰਹੇ, ਆਪ ਜੀਉ ਆਪਣੇ ਪਿੰਡ ਦੀ ਹਦ ਤੇ ਖੜੇ ਸਨ। ਅਸੀਂ ਉਨ੍ਹਾਂ ਦਾ ਪਿਆਰ ਤੇ ਬਖ਼ਸ਼ਸ਼ਾਂ ਕਿਸ ਤਰ੍ਹਾਂ ਭੁਲ ਸਕਦੇ ਹਾਂ।

---

**ਗੁਰਸਿਖ ਰਹਿਣੀ**—ਸ: ਕਾਬਲ ਸਿੰਘ ਜੀ ਇੰਗਲੈਂਡ ਨੇ 20"×30" ਦੇ ਵਡੇ ਅਕਾਰ ਵਿਚ "ਗੁਰਸਿਖ ਰਹਿਣੀ" ਬਾਰੇ ਇਕ ਮਾਟੋ ਛਾਪਿਆ ਹੈ ਜਿਸ ਵਿਚ ਗੁਰਸਿਖ ਲਈ ਜ਼ਰੂਰੀ ਰਹਿਤਾਂ ਗੁਰਬਾਣੀ ਅਤੇ ਰਹਿਤਨਾਮਿਆਂ ਦੇ ਅਧਾਰ ਤੇ ਦਰਸਾਈਆਂ ਹਨ। ਪ੍ਰੇਮੀ ਸਜਣ ਹੇਠ ਲਿਖੇ ਪਤੇ ਤੋਂ ਪਤਰ ਭੇਜ ਕੇ, ਭੇਟਾ ਰਹਿਤ ਮੰਗਵਾ ਸਕਦੇ ਹਨ—

S. Kabul Singh, Gurparsaad Cottage, 2o Peacock St. Gravesend, kent DAI2-IEF (U,K.)

## ਅਠੌਲੀ (ਨੇੜੇ ਫਗਵਾੜਾ) ਵਿਖੇ ਰੈਣ ਸਬਾਈ ਕੀਰਤਨ

ਭਾਈ ਗੁਰਦੇਵ ਸਿੰਘ ਇਤਲਾਹ ਦਿੰਦੇ ਹਨ ਕਿ ਗੁਰਦਵਾਰਾ ਸਾਹਿਬ ਪਿੰਡ ਅਠੌਲੀ ਵਿਖੇ ੧੯ ਜਨਵਰੀ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸੰਗਤਾਂ ਪੁਜ ਕੇ ਲਾਹੇ ਪ੍ਰਾਪਤ ਕਰਨ।

ਪ੍ਰਾਰਥਕ—ਅਖੰਡ ਕੀਰਤਨੀ ਜਥਾ ਫਗਵਾੜਾ

## ਆਦਮਪੁਰ (ਜਲੰਧਰ) ਵਿਖੇ ਗੁਰਮਤਿ ਸਮਾਗਮ

ਭਾਈ ਅਮੋਲਕ ਸਿੰਘ ਜੀ ਸੂਚਨਾ ਦਿੰਦੇ ਹਨ ਕਿ ਆਦਮਪੁਰ ਵਿਖੇ ਚਾਰ ਜਨਵਰੀ ਨੂੰ ਸ੍ਰੀ ਅਖੰਡਪਾਠ ਰਖੇ ਜਾਣਗੇ ਅਤੇ ੬ ਜਨਵਰੀ ਨੂੰ ਭੋਗ ਤੋਂ ਉਪਰੰਤ ਅੰਮ੍ਰਿਤ ਵੇਲੇ ਤੋਂ ਲੈ ਕੇ ਦੁਪਹਿਰ ਤਕ ਅਖੰਡ ਕੀਰਤਨ ਦੇ ਛਾਂਦੇ ਭੁੰਚੇ ਜਾਣਗੇ ਅਤੇ ਸ਼ਸਤ੍ਰ-ਵਿਦਿਆ ਦੇ ਅਖਾੜੇ ਸਜਣਗੇ। ਗੁਰਸਿਖ ਸੰਗਤਾਂ ਹਾਜ਼ਰੀਆਂ ਭਰ ਕੇ ਅਨੰਦ ਮਾਣਨ।

ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜਥਾ, ਆਦਮਪੁਰ, ਜਲੰਧਰ



www.AKJ.Org

# 'ਗੁਰ-ਮੂਰਤਿ ਗੁਰ-ਸਬਦੁ ਹੈ'

[ ਪ੍ਰੋ: ਸਾਹਿਬ ਸਿੰਘ ਜੀ, ਡੀ. ਲਿਟ. ]

ਸਿਖ ਧਰਮ ਵਿਚ ਮੂਰਤੀ, ਬੁੱਤ ਤੇ ਤਸਵੀਰ-ਪੂਜਾ ਸਖ਼ਤ ਵਿਵਰਜਿਤ ਹੈ । ਗੁਰਬਾਣੀ ਵਿਚ ਇਸ ਦੇ ਖ਼ੰਡਨ ਪ੍ਰਥਾਇ ਅਨੇਕਾਂ ਪ੍ਰਮਾਣ ਮਿਲਦੇ ਹਨ । ਇਹੋ ਕਾਰਨ ਹੈ ਕਿ ਗੁਰੂ ਸਾਹਿਬਾਨ ਅਤੇ ਹਜ਼ੂਰੀ ਗੁਰਸਿਖੀ ਦਾ ਕੋਈ ਵੀ ਮੂਰਤੀ ਜਾਂ ਤਸਵੀਰ ਉਨ੍ਹਾਂ ਦੀ ਹਯਾਤੀ ਵਿਚ ਬਣੀ ਹੋਈ ਨਹੀਂ ਮਿਲਦੀ, ਹਾਲਾਂਕਿ ਉਸ ਵੇਲੇ ਮੁਗ਼ਲ-ਆਰਟ ਸਿਖਰਾਂ ਤੇ ਸੀ । ਅੱਜ ਕਲ੍ਹ ਦੇ ਅਖੌਤੀ ਸਿਖਾਂ ਨੇ ਭਾਂਤੋ ਭਾਂਤੀ ਆਪੋ ਆਪਣੀ ਕਲਪਨਾ ਅਨੁਸਾਰ ਕਈ ਚਿਤਰ ਬਣਾ ਲਏ ਹਨ । ਇਹ ਸਿੱਖੀ ਆਸ਼ੇ ਤੋਂ ਬਿਲਕਲ ਉਲਟ ਹੈ ਅਤੇ ਗੁਰਮਤਿ ਤੋਂ ਅੰਞਾਣਪੁਣਾ ਹੈ ।

ਇਸ ਵਿਸ਼ੇ ਤੇ ਪ੍ਰੋ: ਸਾਹਿਬ ਸਿੰਘ ਜੀ ਦਾ ਇਕ ਲੇਖ ਹੇਠਾਂ ਦਿਤਾ ਜਾ ਰਿਹਾ ਹੈ, ਜੋ ਬਿਲਕੁਲ ਅੱਜ ਵੀ ਸਮੇਂ ਦੀ ਲੋੜ ਅਨੁਸਾਰ ਬਹੁਤ ਢੁਕਵਾਂ ਹੈ । ਇਸ ਵਿਚ ਗੁਰਬਾਣੀ, ਗੁਰ-ਇਤਿਹਾਸ ਅਤੇ ਭਾਈ ਗੁਰਦਾਸ ਜੀ ਦੇ ਹਵਾਲਿਆਂ ਨਾਲ ਇਸ ਵਿਸ਼ੇ ਨੂੰ ਨਿਖਾਰ ਕੇ ਸਿਧ ਕੀਤਾ ਗਿਆ ਹੈ ਕਿ "ਗੁਰ ਮੂਰਤਿ ਗੁਰ-ਸ਼ਬਦ ਹੈ", ਹੋਰ ਕੋਈ ਬਨਾਉਟੀ ਮੂਰਤ ਨਹੀਂ ਹੈ ।

ਸਾਨੂੰ ਅਫ਼ਸੋਸ ਹੈ ਕਿ ਸਿੱਖੀ ਦੀ ਨੁਮਾਇੰਦਾ ਜਮਾਤ ਸ਼੍ਰੋਮਣੀ ਗੁ: ਪ੍ਰ. ਕਮੇਟੀ ਵੀ ਤਸਵੀਰਾਂ ਦੇ ਇਸ ਮਨਮਤੀ ਪਰਚਾਰ ਨੂੰ ਵਧ ਚੜ੍ਹ ਕੇ ਪਰਚਾਰ ਰਹੀ ਹੈ । ਇਨ੍ਹਾਂ ਦਾ ਅਜਿਹਾ ਕਰਤੱਵ ਅਤਿ ਨਿੰਦਨੀਯ ਹੈ । —ਸੰਪਾਦਕ

## ਜੀਵਨ-ਰਾਹ ਵਿਚ ਅਨੇਕਾਂ ਠੇਡੇ—

ਜਦੋਂ ਸਤਿਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ, ਤਦੋਂ ਭਾਰਤ ਵਿਚ ਵੱਸਦੇ ਲੋਕਾਂ ਦੀ ਭਾਰੀ ਬਹੁ-ਗਿਣਤੀ ਹਿੰਦੂ ਧਰਮ ਦੇ ਸ਼ਰਧਾਲੂਆਂ ਦੀ ਸੀ । ਜਗਤ ਵਿਚ ਅਨੇਕਾਂ ਠੇਡੇ ਹਨ, ਜੋ ਮਨੁੱਖ ਨੂੰ ਮਨੁੱਖਤਾ ਤੋਂ ਡੇਗਦੇ ਰਹਿੰਦੇ ਹਨ । ਧਰਮ-ਅਵਲੰਬੀ ਹੁੰਦਾ ਹੋਇਆ ਭੀ ਬੰਦਾ ਬੇ-ਮਲੂਮੇ ਜਿਹੇ ਇਹਨਾਂ ਠੇਡਿਆਂ ਦਾ ਸ਼ਿਕਾਰ ਹੋ ਜਾਂਦਾ ਹੈ । ਤੇ, ਆਪਣੇ ਆਪ ਨੂੰ ਧਰਮ ਦੇ ਰਾਹ ਉੱਤੇ ਤੁਰਦਾ ਸਮਝਦਾ ਹੋਇਆ ਭੀ ਧਰਮ ਦੇ ਰਸਤੇ ਤੋਂ, ਮਨੁੱਖਤਾ ਦੀ ਪਗ-ਡੰਡੀ ਤੋਂ, ਲਾਂਭੇ ਚਲਾ ਜਾਂਦਾ ਹੈ । ਕਿਸੇ ਭੀ ਧਰਮ ਵਿਚ ਸ਼ਰਧਾ ਰੱਖਣ ਵਾਲਾ ਮਨੁੱਖ ਹੋਵੇ, ਹਰੇਕ ਨੂੰ ਇਹ ਔਕੜ ਵਾਪਰ ਸਕਦੀ ਹੈ । ਸਤਿਗੁਰੂ ਨਾਨਕ ਦੇਵ ਜੀ ਨੂੰ ਜਿਉਂ ਜਿਉਂ ਹਿੰਦੂ ਜਨਤਾ ਨਾਲ ਵਾਹ ਪਿਆ, ਉਹਨਾਂ ਨੇ ਆਪਣੀ ਰੌਸ਼ਨ-ਦਿਮਾਗੀ ਤੇ ਉੱਚੇ ਆਤਮਕ ਜੀਵਨ ਦੇ ਦ੍ਰਿਸ਼ਟੀ-ਕੋਣ ਤੋਂ ਵੇਖਿਆ ਕਿ ਸਹੀ ਧਾਰਮਿਕ ਅਗਵਾਈ ਦੀ ਅਣਹੋਂਦ ਦੇ ਕਾਰਨ ਜਨਤਾ ਮਨੁੱਖਤਾ ਦੀ ਪਟੜੀ ਤੋਂ ਖੁੰਝ ਕੇ ਕੁਰਾਹੇ ਜਾ ਰਹੀ ਹੈ । ਉੱਚੀ ਨੀਵੀਂ ਜਾਤ ਦਾ ਵਿਤਕਰਾ, ਨਿਰੇ ਤੀਰਥ-ਇਸ਼ਨਾਨ ਨੂੰ ਆਤਮਕ ਪਵਿੱਤ੍ਰਤਾ ਦਾ ਸਾਧਨ ਸਮਝਣਾ, ਆਪਣੀ ਹੱਥੀਂ ਘੜੀਆਂ ਮੂਰਤੀਆਂ ਨੂੰ ਭਗਵਾਨ ਦੀ ਮੂਰਤੀ ਸਮਝ ਕੇ ਉਸ ਦੀ ਪੂਜਾ, ਪਿਤਰਾਂ ਨੂੰ ਖ਼ੁਰਾਕ ਅਪੜਾ ਸਕਣ ਦੀ ਮਨੌਤ—ਅਜਿਹੇ ਕਈ ਠੇਡੇ ਹਿੰਦੂ-ਜਨਤਾ ਨੂੰ ਲੱਗ ਰਹੇ ਸਨ ।

ਸਤਿਗੁਰੂ ਜੀ ਨੇ ਆਪਣੇ ਨਿਜੀ ਸੁਖ ਕੁਰਬਾਨ ਕਰ ਕੇ ਸਾਰੇ ਭਾਰਤ ਦਾ ਅੱਠ-ਸਾਲਾ ਚੱਕਰ ਲਾਇਆ । ਜਨਤਾ ਅਤੇ ਜਨਤਾ ਦੇ ਅਖੌਤੀ ਧਾਰਮਿਕ ਆਗੂਆਂ ਨੂੰ ਉਹਨਾਂ ਭੁਲੇਖਿਆਂ ਵੱਲੋਂ ਸੁਚੇਤ ਕੀਤੋ-ਨੇ, ਜਿਨ੍ਹਾਂ ਦੇ ਕਾਰਨ ਜ਼ਿੰਦਗੀ ਦੁੱਖਾਂ ਦੇ ਭਾਰ ਹੇਠ ਕਰਾਹ ਰਹੀ ਸੀ ।

ਭਾਰਤ ਵਿਚ ਇਸਲਾਮੀ ਰਾਜ ਆਇਆਂ ਭੀ ਪੰਜ ਸਦੀਆਂ ਹੋ ਚੁੱਕੀਆਂ ਸਨ । ਕਈ ਕਾਰਨਾਂ ਕਰਕੇ ਅਨੇਕਾਂ ਹਿੰਦੂ ਮੁਸਲਮਾਨ ਬਣ ਚੁੱਕੇ ਹੋਏ ਸਨ । ਪਰ ਮੁਸਲਮਾਨਾਂ ਵਿਚ ਭੀ ਉਹੀ ਹਾਲਤ ਸੀ । ਆਪਣੇ ਆਪ ਨੂੰ ਮੁਸਲਮਾਨ ਸਮਝਦਿਆਂ ਹੋਇਆਂ ਭੀ ਰੋਜ਼ਾਨਾ ਜੀਵਨ ਇਸਲਾਮ ਤੋਂ ਦੁਰੇਡਾ ਹੁੰਦਾ ਜਾ ਰਿਹਾ ਸੀ ।

ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ ਭਾਰਤ ਵਿਚ ਜੋਗੀਆਂ ਦਾ ਭੀ ਬੜਾ ਜ਼ੋਰ ਸੀ । ਇਹਨਾਂ ਦੇ ਵਰ ਸਰਾਪ ਦੇ ਲਾਲਚ ਅਤੇ ਡਰ ਦੇ ਦਬਾਉ ਹੇਠ ਗ਼ਰੀਬ ਲੋਕ ਇਹਨਾਂ ਦੀ ਸੇਵਾ ਕਰਨ ਤੇ ਮਜਬੂਰ ਸਨ ।

ਸਤਿਗੁਰੂ ਜੀ ਨੇ ਮੁਸਲਮਾਨਾਂ ਨੂੰ ਭੀ ਸੰਬੋਧਨ ਕੀਤਾ ਤੇ ਜੀਵਨ ਦੇ ਠੇਡਿਆਂ ਤੋਂ ਸਾਵਧਾਨ ਕੀਤਾ । ਜੋਗੀਆਂ ਨੂੰ ਭੀ ਸਮਝਾਇਓ ਨੇ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਪੜ੍ਹ ਕੇ ਵੇਖੋ, ਹਿੰਦੂ ਮੁਸਲਮਾਨਾਂ ਤੇ ਜੋਗੀਆਂ ਨੂੰ ਸਾਵਧਾਨ ਕਰਨ ਵਾਲੇ ਅਨੇਕਾਂ



www.AKJ.Org

ਸ਼ਬਦ ਮਿਲਦੇ ਹਨ।

ਕੋਈ ਸਮਾਂ ਸੀ ਜਦੋਂ ਭਾਰਤ ਵਿਚ ਬੁਧ ਮਤ ਦਾ ਬੋਲ-ਬਾਲਾ ਸੀ। ਫਿਰ ਜੈਨ-ਮਤ ਦਾ ਰਸੂਖ਼ ਭੀ ਵਧਿਆ ਸੀ। ਪਰ ਗੁਰੂ ਨਾਨਕ ਦੇਵ ਜੀ ਦੇ ਸਮੇਂ ਇਹਨਾਂ ਦੋਹਾਂ ਧਰਮਾਂ ਦਾ ਰਸੂਖ਼ ਨਾਂ-ਗਿਣਾਉਣਾ ਹੀ ਰਹਿ ਗਿਆ ਸੀ। ਇਹੀ ਕਾਰਨ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹਨਾਂ ਦਾ ਜ਼ਿਕਰ ਬਹੁਤ ਹੀ ਥੋੜਾ ਹੈ।

## ਕੋਮਲ ਹੁਨਰ ਅਤੇ ਮੂਰਤੀ–

ਮਨੁੱਖ ਜਿਉਂ ਜਿਉਂ ਉੱਨਤੀ ਕਰ ਰਿਹਾ ਹੈ, ਤਿਉਂ ਤਿਉਂ ਕਈ ਕੋਮਲ ਹੁਨਰ ਭੀ ਤਰੱਕੀ ਕਰ ਰਹੇ ਹਨ। ਪੱਥਰ ਜਾਂ ਸੰਗ-ਮਰਮਰ ਦੀਆਂ ਸੁੰਦਰ ਮੂਰਤੀਆਂ ਬਣਾਣ ਦਾ ਹੁਨਰ ਕਈ ਸਦੀਆਂ ਤੋਂ ਨਾਮਣਾ ਖੱਟ ਰਿਹਾ ਹੈ। ਪਰ ਧਾਰਮਿਕ ਪਾਸੇ ਇਸ ਹੁਨਰ ਨੇ ਲੋਕਾਂ ਨੂੰ ਕੁਰਾਹੇ ਭੀ ਪਾਇਆ। ਮੂਰਤੀਆਂ ਦੀ ਪੂਜਾ ਚਲ ਪਈ।

ਸਹਿਜੇ ਸਹਿਜੇ ਸ਼ਾਹਾਂ ਬਾਦਸ਼ਾਹਾਂ ਦੀਆਂ ਤਸਵੀਰਾਂ ਬਣਾਣ ਦਾ ਹੁਨਰ ਭੀ ਉਗਮ ਪਿਆ। ਮੁਗ਼ਲ ਬਾਦਸ਼ਾਹਾਂ ਦੇ ਵੇਲੇ ਇਹ ਹੁਨਰ ਬੜੀ ਨਾਮਵਰੀ ਖੱਟ ਰਿਹਾ ਸੀ।

ਮੂਰਤੀ ਜਾਂ ਤਸਵੀਰ ਬਣਾਈਦੀ ਕਿਉਂ ਹੈ? ਸਰੀਰ ਸਦਾ ਥਿਰ ਨਹੀਂ ਰਹਿ ਸਕਦਾ। ਸੋ, ਮੂਰਤੀ ਤੇ ਤਸਵੀਰ ਕਿਸੇ ਅੱਤ ਪਿਆਰੇ ਦਾ ਸਰੀਰਕ ਆਕਾਰ ਸਦਾ ਲਈ ਕਾਇਮ ਰੱਖਣ ਵਾਸਤੇ ਬਣਾਈਦੀ ਹੈ।

## ਗੁਰ ਤਸਵੀਰ ਲਈ ਉਮੰਗ–

ਅਸੀਂ ਦਸ ਚੁਕੇ ਹਾਂ ਕਿ ਮਾਨਸਕ ਠੇਡੇ ਕਿਸੇ ਭੀ ਧਰਮ ਮਜ਼ਹਬ ਦਾ ਲਿਹਾਜ਼ ਨਹੀਂ ਕਰਦੇ। ਸਿੱਖ ਭੀ ਇਹਨਾਂ ਤੋਂ ਕਿਵੇਂ ਬਚ ਸਕਦੇ ਹਨ।

ਰਾਜਿਆਂ ਮਹਾਰਾਜਿਆਂ, ਸ਼ਾਹਾਂ ਬਾਦਸ਼ਾਹਾਂ ਦੀਆਂ ਤਸਵੀਰਾਂ ਬਣਦੀਆਂ ਵੇਖ ਕੇ ਕਿਤੇ ਕਿਤੇ ਸਿੱਖਾਂ ਦੇ ਦਿਲ ਵਿਚ ਭੀ ਇਹ ਉਮੰਗ ਉਠਣੀ ਕੁਦਰਤੀ ਗੱਲ ਸੀ ਕਿ ਸਤਿਗੁਰੂ ਜੀ ਦੇ ਸਰੀਰ ਦੀ ਭੀ ਤਸਵੀਰ ਬਣੇ। ਪਰ ਜੇ ਮੂਰਤੀ ਦੀ ਹੋਂਦ ਮੂਰਤੀ-ਪੂਜਾ ਵਲ ਲੈ ਜਾ ਸਕਦੀ ਹੈ, ਤਾਂ ਤਸਵੀਰ ਵੀ ਆਪਣੀ ਪੂਜਾ ਵਲ ਪ੍ਰੇਰ ਸਕਦੀ ਹੈ। ਸੈਂਕੜੇ ਹਜ਼ਾਰਾਂ ਉਪਦੇਸ਼ਕ ਤੇ ਪਰਚਾਰਕ ਭੀ ਮਨੁੱਖ ਨੂੰ ਇਸ ਕਮਜ਼ੋਰੀ ਤੋਂ ਬਚਾ ਨਹੀਂ ਸਕਦੇ। ਸਤਿਗੁਰੂ ਜੀ ਨੇ ਆਪਣੇ ਸਰੀਰ ਦੀ ਤਸਵੀਰ ਬਣਨ ਦੀ ਆਗਿਆ ਨਾ ਦਿੱਤੀ।

## ਦਿੱਸਦੇ ਜਗਤ ਦਾ ਪ੍ਰਭਾਵ–

ਇਹ ਇਕ ਕੁਦਰਤੀ ਗੱਲ ਹੈ ਕਿ ਮਨੁੱਖ ਦੇ ਮਨ ਉੱਤੇ ਇਹ ਦਿਸਦਾ ਜਗਤ ਬੜਾ ਪ੍ਰਭਾਵ ਪਾਂਦਾ ਹੈ। ਆਤਮਕ ਤੇ ਮਾਨਸਕ ਗੱਲਾਂ ਉਤਨਾ ਅਸਰ ਨਹੀਂ ਪਾਂਦੀਆਂ। ਸਿੱਖ ਭੀ ਤਾਂ ਕਿਸੇ ਕੁਦਰਤੀ ਨਿਯਮ ਦੇ ਅਧੀਨ ਹੀ ਹਨ। ਇਹ ਤਾਂਘ ਬਣੀ ਹੀ ਰਹੀ ਕਿ ਸਤਿਗੁਰੂ ਜੀ ਦੇ ਸਰੀਰ ਦੀ ਕੋਈ ਤਸਵੀਰ ਹੋਵੇ। ਸਿੱਖ-ਧਰਮ ਦੇ ਦ੍ਰਿਸ਼ਟੀ-ਕੋਣ ਤੋਂ ਇਹ ਤਾਂਘ ਮਾੜੀ ਸੀ। ਜਿਵੇਂ ਮੂਰਤੀ-ਪੂਜਾ ਸਰਬ-ਵਿਆਪਕ ਪ੍ਰਭੂ ਨੂੰ ਖ਼ਲਕਤ ਨਾਲੋਂ ਨਿਖੇੜ ਕੇ ਮਨੁੱਖ ਨੂੰ ਇਕ ਮੂਰਤੀ ਦਾ ਹੀ ਉਪਾਸ਼ਕ ਬਣਾ ਦੇਂਦੀ ਹੈ, ਤੇ ਖ਼ਲਕਤ ਦੇ ਦੁਖ-ਦਰਦ ਦਾ ਭਾਈਵਾਲ ਬਣਨ ਤੋਂ ਵਾਂਜਿਆਂ ਰਖਦੀ ਹੈ, ਤਿਵੇਂ ਹੀ ਤਸਵੀਰ-ਪੂਜਾ। ਤਸਵੀਰਾਂ ਤੋਂ ਤਸਵੀਰ-ਪੂਜਾ ਚਲ ਹੀ ਪੈਣੀ ਹੋਈ। ਇਹ ਇਕ ਭਾਰਾ ਖ਼ਤਰਾ ਸਿੱਖ-ਧਰਮ ਅਤੇ ਸਿੱਖ-ਕੌਮ ਦੇ ਸਾਹਮਣੇ ਆ ਰਿਹਾ ਸੀ।

## ਸੱਚਾ ਪਾਤਿਸ਼ਾਹ ਅਤੇ ਉਸ ਦੀ ਤਸਵੀਰ–

ਉਂਞ ਤਾਂ ਸਿੱਖ ਆਪਣੇ ਗੁਰੂ ਨੂੰ ਪਹਿਲਾਂ ਹੀ 'ਸੱਚਾ ਪਾਤਿਸ਼ਾਹ' ਆਖਣ ਲੱਗ ਪਏ ਸਨ। ਗੁਰੂ ਅਰਜਨ ਸਾਹਿਬ ਨੂੰ ਗੁਰਿਆਈ ਮਿਲਿਆਂ ਥੋੜੇ ਹੀ ਮਹੀਨੇ ਹੋਏ ਸਨ, ਜਦੋਂ ਸੱਤਾ ਬਲਵੰਡ ਰਬਾਬੀਆਂ ਨੇ ਆਪਣੀ ਭੁਲ ਬਖ਼ਸ਼ਾਣ ਵੇਲੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਇਕ 'ਵਾਰ' ਉਚਾਰੀ ਸੀ। ਇਸ 'ਵਾਰ' ਦੀ ਦੂਜੀ ਪਉੜੀ ਵਿਚ ਰਾਇ ਬਲਵੰਡ ਗੁਰੂ ਅੰਗਦ ਸਾਹਿਬ ਦੀ ਉਸਤਤ ਕਰਦਾ ਹੋਇਆ ਉਹਨਾਂ ਨੂੰ 'ਸੱਚਾ ਪਾਤਿਸ਼ਾਹ' ਆਖਦਾ ਹੈ :–

ਲਹਣੇ ਦੀ ਫੇਰਾਈਐ, ਨਾਨਕਾ ਦੋਹੀ ਖਟੀਐ। ਜੋਤਿ ਓਹਾ ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ। ਝੁਲੈ ਸੁ ਛਤੁ ਨਿਰੰਜਨੀ, ਮਲਿ ਤਖਤੁ, ਬੈਠਾ ਗੁਰ ਹਟੀਐ। ਕਰਹਿ ਜਿ ਗੁਰ ਫੁਰਮਾਇਆ, ਸਿਲ ਜੋਗੁ ਅਲੂਣੀ ਚਟੀਐ। ਲੰਗਰੁ ਚਲੈ ਗੁਰ ਸਬਦਿ, ਹਰਿ ਤੋਟਿ ਨ ਆਵੀ



www.AKJ.Org

ਖਟੀਐ। ਖਰਚੇ ਦਿਤਿ ਖਸੰਮ ਦੀ, ਆਪ ਖਹਦੀ ਖੈਰਿ ਦਬਟੀਐ। ਹੋਵੈ ਸਿਫਤਿ ਖਸੰਮ ਦੀ, ਨੂਰੁ ਅਰਸਹੁ ਕੁਰਸਹੁ ਝਟੀਐ। ਤੁਧੁ ਡਿਠੇ, ਸਚੇ ਪਾਤਿਸਾਹ, ਮਲੁ ਜਨਮ ਜਨਮ ਦੀ ਕਟੀਐ। ਸਚੁ ਜਿ ਗੁਰਿ ਫੁਰਮਾਇਆ, ਕਿਉ ਏਦੂ ਬੋਲਹੁ ਹਟੀਐ। ਪੁਤ੍ਰੀ ਕਉਲੁ ਨ ਪਾਲਿਓ, ਕਰਿ ਪੀਰਹੁ ਕੰਨ੍ਹ ਮੁਰਟੀਐ। ਦਿਲਿ ਖੋਟੈ ਆਕੀ ਫਿਰਨ੍ਹਿ, ਬੰਨ੍ਹਿ ਭਾਰੁ ਉਚਾਇਨ੍ਹਿ ਛਟੀਐ। ਜਿਨਿ ਆਖੀ ਸੋਈ ਕਰੇ, ਜਿਨਿ ਕੀਤੀ ਤਿਨੈ ਥਟੀਐ। ਕਉਣੁ ਹਾਰੇ, ਕਿਨਿ ਉਵਟੀਐ।੨।

ਪਰ ਜਦੋਂ ਗੁਰੂ ਹਰਿ ਗੋਬਿੰਦ ਸਾਹਿਬ ਨੇ ਗੁਰੂ ਬਣਦਿਆਂ ਹੀ ਰਾਜਸੀ ਠਾਠ ਭੀ ਬਣਾ ਲਿਆ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਭੀ ਖੜੀ ਕਰ ਲਈ, ਤਦੋਂ ਦੁਨਿਆਵੀ ਬਾਦਸ਼ਾਹਾਂ ਦੇ ਟਾਕਰੇ ਤੇ ਗੁਰੂ ਬਾਰੇ ਹਰੇਕ ਸਿੱਖ ਦੀ ਜੀਭ ਉੱਤੇ 'ਸੱਚਾ ਪਾਤਿਸ਼ਾਹ' ਲਫ਼ਜ਼ ਚੜ੍ਹਨੇ ਇਕ ਕੁਦਰਤੀ ਗੱਲ ਸੀ।

ਮੁਸੱਵਰ ਲੋਕ ਮੁਗਲ ਬਾਦਸ਼ਾਹਾਂ ਦੀਆਂ ਤਸਵੀਰਾਂ ਬਣਾਂਦੇ ਸਨ, ਤੇ ਇਨਾਮ ਹਾਸਲ ਕਰਦੇ ਸਨ। ਸਿੱਖਾਂ ਦੇ ਮਨਾਂ ਵਿਚ ਗੁਰੂ-ਪਾਤਿਸ਼ਾਹ ਦੀ ਤਸਵੀਰ ਲਈ ਤਾਂਘ ਭੀ ਕੁਦਰਤੀ ਤੌਰ ਤੇ ਤੀਬ੍ਰ ਹੋਣ ਲੱਗ ਪਈ। ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਪੂਰੇ ਜ਼ੋਰ ਨਾਲ ਗੁਰ-ਤਸਵੀਰ ਦੇ ਵਿਰੁੱਧ ਪਰਚਾਰ ਕੀਤਾ।

## ਭਾਈ ਗੁਰਦਾਸ ਜੀ ਦੀ ਵਿਰੋਧਤਾ–

## ਗੁਰੂ ਦਾ ਸ਼ਬਦ ਹੀ ਗੁਰੂ ਦੀ ਤਸਵੀਰ–

ਅਸੀਂ ਪਿੱਛੇ ਦੱਸ ਚੁੱਕੇ ਹਾਂ ਕਿ ਗੁਰੂ ਸਾਹਿਬ ਨੇ ਹਿੰਦੂ-ਜਨਤਾ ਅਤੇ ਮੁਸਲਮਾਨ-ਜਨਤਾ ਦੇ ਅਮਲੀ ਜੀਵਨ ਉੱਤੇ ਨੁਕਤਾ-ਚੀਨੀ ਕੀਤੀ। ਕਿਉਂ ? ਕਿਉਂਕਿ ਉਹ ਲੋਕ ਉਹਨਾਂ ਦੇ ਸਾਹਮਣੇ ਮੌਜੂਦ ਸਨ, ਤੇ ਉਹਨਾਂ ਦਾ ਜੀਵਨ ਧਰਮ ਦੇ ਦ੍ਰਿਸ਼ਟੀ-ਕੋਣ ਤੋਂ ਅਧੂਰਾ ਦਿੱਸ ਰਿਹਾ ਸੀ। ਕਿਸੇ ਉਸ ਮਾੜੀ ਰਸਮ ਦੇ ਵਿਰੁੱਧ ਪਰਚਾਰ ਹੋ ਹੀ ਨਹੀਂ ਸਕਦਾ ਜਿਸ ਦਾ ਵਜੂਦ ਹੀ ਸਾਹਮਣੇ ਨਾ ਹੋਵੇ। ਭਾਰਤ ਵਿਚ ਈਸਾਈ ਲੋਕ ਅਜੇ ਨਹੀਂ ਸਨ, ਉਹਨਾਂ ਦਾ ਕੋਈ ਜ਼ਿਕਰ ਗੁਰਬਾਣੀ ਵਿਚ ਨਹੀਂ ਹੈ।

ਇਸੇ ਤਰ੍ਹਾਂ, ਜੇ ਗੁਰੂ ਦੇ ਸਰੀਰ ਦੀ ਤਸਵੀਰ ਬਣਾਣ ਦਾ ਮਾਮਲਾ ਭਾਈ ਗੁਰਦਾਸ ਜੀ ਦੇ ਵੇਲੇ ਨਾ ਛਿੜਦਾ, ਜੇ ਸਿੱਖਾਂ ਵਿਚ ਗੁਰ-ਤਸਵੀਰ ਦੀ ਤਾਂਘ ਭਾਈ ਗੁਰਦਾਸ ਜੀ ਨੂੰ ਵਧਦੀ ਨਾ ਜਾਪਦੀ, ਤਾਂ ਉਹਨਾਂ ਨੂੰ "ਗੁਰ-ਮੂਰਤਿ" ਬਾਰੇ ਮੁੜ ਮੁੜ ਨਾ ਆਖਣਾ ਪੈਂਦਾ ਕਿ "ਗੁਰ-ਮੂਰਤਿ ਗੁਰ-ਸਬਦੁ ਹੈ"। ਗੁਰ-ਤਸਵੀਰ ਦੀ ਵਿਰੋਧਤਾ ਉਹਨਾਂ ਇਸੇ ਵਾਸਤੇ ਕੀਤੀ ਕਿ ਇਹ ਕੰਮ ਗੁਰਮਤਿ ਦੇ ਵਿਰੁੱਧ ਸੀ। ਉਹਨਾਂ ਦੀ ਬਾਣੀ ਵਿਚੋਂ ਕੁਝ ਪ੍ਰਮਾਣ ਪਾਠਕਾਂ ਦੀ ਸੇਵਾ ਵਿਚ ਵੰਨਗੀ ਵਜੋਂ ਪੇਸ਼ ਕੀਤੇ ਜਾਂਦੇ ਹਨ :–

(੧) ਗੁਰਮੁਖਾਂ ਦੇ ਜੀਵਨ ਦਾ ਨਕਸ਼ਾ ਖਿੱਚਦੇ ਹੋਏ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੈਰ-ਮਹਲ (ਲਾ-ਮਕਾਨ) ਪਰਮਾਤਮਾ ਵਿਚ ਤਦੋਂ ਹੀ ਜੁੜ ਸਕੀਦਾ ਹੈ ਜੇ ਮਨ ਨੂੰ ਵੱਸ ਵਿਚ ਰੱਖਿਆ ਜਾਏ। ਗੁਰਮੁਖ ਮਨੁੱਖ ਪਰਮਾਤਮਾ ਦੀ ਰਜ਼ਾ ਵਿਚ ਤੁਰਦੇ ਹਨ, ਪਰ ਇਸ ਗੱਲ ਦਾ ਵਿਖਾਵਾ ਨਹੀਂ ਕਰਦੇ; ਗੁਰੂ ਦੇ ਸਨਮੁਖ ਰਹਿ ਕੇ ਉੱਚ ਆਤਮਕ ਵਿਚਾਰ ਦੇ ਮਾਲਕ ਬਣਦੇ ਹਨ ਅਤੇ ਸਰੀਰਕ ਭੋਗਾਂ ਦੇ ਜਾਲ ਵਿਚ ਨਹੀਂ ਫਸਦੇ। ਗੁਰਮੁਖ ਜਾਣਦੇ ਹਨ ਕਿ ਸਾਧ ਸੰਗਤ ਨਿਰੰਕਾਰ ਦਾ ਆਸਣ ਹੈ, ਸਾਧ ਸੰਗਤ ਵਿਚ ਪਰਮਾਤਮਾ ਵੱਸਦਾ ਹੈ। ਗੁਰੂ ਦਾ ਸ਼ਬਦ ਹੀ ਗੁਰੂ ਦਾ ਅਸਲ ਸਰੂਪ ਹੈ—ਇਹ ਨਿਸਚਾ ਰਖਦੇ ਹੋਏ ਗੁਰਮੁਖ ਅੰਮ੍ਰਿਤ ਵੇਲੇ ਸਾਧ ਸੰਗਤ ਵਿਚ ਟਿਕ ਕੇ ਗੁਰੂ ਦੇ ਸ਼ਬਦ ਨੂੰ ਆਪਣੇ ਆਤਮਕ ਜੀਵਨ ਦੀ ਖ਼ੁਰਾਕ ਬਣਾਂਦੇ ਹਨ। ਸਦਾ ਇਹ ਘਾਲ-ਕਮਾਈ ਕਰਦੇ ਹੋਏ ਗੁਰਮੁਖ ਦੂਜਿਆਂ ਦੀ ਸੇਵਾ-ਭਲਾਈ ਵਿਚ ਤਤਪਰ ਰਹਿੰਦੇ ਹਨ। ਵੇਖੋ ਵਾਰ ੧੧, ਪਉੜੀ ੨ :–

ਇਕਤੁ ਨੁਕਤੈ ਹੋਇ ਜਾਇ, ਮਹਰਮੁ ਮੁਜਰਮੁ ਖ਼ੈਰਿ ਖ਼ੁਆਰੀ। ਮਸਤਾਨੀ ਵਿਚਿ ਮਸਲਤੀ, ਗ਼ੈਰ-ਮਹਲਿ ਜਾਣਾ ਮਨੁ ਮਾਰੀ। ਗੱਲ ਨ ਬਾਹਰਿ ਨਿਕਲੈ, ਹੁਕਮੀ ਬੰਦੇ ਕਾਰ ਕਰਾਰੀ। ਗੁਰਮੁਖਿ ਸੁਖ ਫਲੁ ਪਿਰਮ ਰਸੁ, ਦੇਹ ਬਿਦੇਹ, ਵਡੇ ਵੀਚਾਰੀ। ਗੁਰ-ਮੂਰਤਿ ਗੁਰ-ਸ਼ਬਦੁ ਸੁਣਿ, ਸਾਧ ਸੰਗਤਿ ਆਸਣੁ ਨਿਰੰਕਾਰੀ। ਆਦਿ ਪੁਰਖ



www.AKJ.Org

ਆਦੇਸੁ ਕਰਿ, ਅੰਮ੍ਰਿਤ ਵੇਲਾ ਸਬਦ-ਆਹਾਰੀ। ਅਵਗਤ ਗਤਿ ਅਗਾਧ ਬੋਧ, ਅਕਥ ਕਥਾ ਅਸਗਾਹ ਅਪਾਰੀ। ਸਹਨਿ ਅਵੱਟਣੁ ਪਰ-ਉਪਕਾਰੀ।੨।

(੨) ਵਾਰ ਨੰ: ੨੪ ਦੀਆਂ ੨੫ ਪਉੜੀਆਂ ਹਨ। ਇਹਨਾਂ ੨੫ ਪਉੜੀਆਂ ਵਿਚ ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਕਰ ਕੇ ਗੁਰੂ ਹਰਿ ਗੋਬਿੰਦ ਸਾਹਿਬ ਤਕ ਹਰੇਕ ਗੁਰ-ਵਿਅੱਕਤੀ ਦੀ ਵਾਰੀ ਵਾਰੀ ਉਸਤਤ ਲਿਖੀ ਹੈ। ਪਉੜੀ ਨੰ: ੧੧ ਵਿਚ ਗੁਰੂ ਅਮਰਦਾਸ ਜੀ ਦੀ ਉਸਤਤ ਕਰਦੇ ਹੋਏ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਜਿਵੇਂ ਫੁਲਾਂ ਨਾਲ ਮਿਲ ਕੇ ਤੇਲ ਸੁਗੰਧੀ ਵਾਲਾ ਫੁਲੇਲ ਬਣ ਜਾਂਦਾ ਹੈ ਤਿਵੇਂ ਗੁਰੂ ਨੂੰ ਮਿਲ ਕੇ ਸਿੱਖ-(ਗੁਰੂ) ਅਮਰਦਾਸ ਜੀ ਉੱਚੇ ਆਤਮਕ ਜੀਵਨ ਦੀ ਸੁਗੰਧੀ ਵਾਲੇ ਬਣ ਗਏ। ਦੁਨੀਆ ਦੀ ਪਾਤਿਸ਼ਾਹੀ ਉਹਨਾਂ ਨੂੰ ਝੂਠੀ ਦਿੱਸਣ ਲੱਗ ਪਈ। ਗੁਰੂ ਦਾ ਸ਼ਬਦ ਹੀ ਉਹਨਾਂ ਵਾਸਤੇ ਗੁਰੂ ਦਾ ਸਹੀ ਸਰੂਪ ਸੀ, ਜਿਸ ਨੂੰ ਉਹ ਅੰਮ੍ਰਿਤ ਵੇਲੇ ਉੱਠ ਕੇ ਸਾਧ ਸੰਗਤ ਵਿਚ ਬੈਠ ਕੇ ਆਪਣੇ ਹਿਰਦੇ ਵਿਚ ਵਸਾਂਦੇ ਸਨ, ਅਤੇ ਸਦਾ ਹਰ ਵੇਲੇ ਗੁਰੂ ਦੇ ਹੁਕਮ ਵਿਚ ਆਪਣਾ ਜੀਵਨ ਬਿਤਾਂਦੇ।

ਤਿਲ ਮਿਲਿ ਫੁੱਲ ਅਮੁੱਲੁ ਜਿਉ, ਗੁਰਸਿੱਖ ਸੁਗੰਧਿ ਫੁਲੇਲਾ। ਖਾਸਾ ਮਲਮਲ ਸਿਰੀਸਾਫ਼, ਸ਼ਾਹ ਕਪਾਹ ਚਲਿਤ ਬਹੁ ਖੇਲਾ। ਗੁਰ-ਮੂਰਤਿ ਗੁਰ-ਸਬਦੁ ਹੈ, ਸਾਧ ਸੰਗਤਿ ਮਿਲਿ ਅੰਮ੍ਰਿਤ ਵੇਲਾ। ਦੁਨੀਆ ਕੂੜੀ ਸਾਹਿਬੀ, ਸਚੁ ਮਣੀ ਸਚ ਗਰਬਿ ਗਹੇਲਾ। ਦੇਵੀ ਦੇਵ ਦੁੜਾਇਅਨੁ, ਜਿਉਂ ਮ੍ਰਿਗਾਵਲਿ ਦੇਖਿ ਬਘੇਲਾ। ਹੁਕਮ ਰਜਾਈ ਚੱਲਣਾ, ਪਿੱਛੈ ਲੱਗੈ ਨੱਕਿ ਨਕੇਲਾ। ਗੁਰਮੁਖਿ ਸਚਾ ਅਮਰੁ ਸੁਹੇਲਾ।੧੧।

ਇਸੇ ਹੀ 'ਵਾਰ' ਦੀ ਅਖ਼ੀਰਲੀ ਪਉੜੀ ਨੰ: ੨੫ ਵਿਚ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਹਰਿਗੋਬਿੰਦ ਸਾਹਿਬ ਤਕ ਦਾ ਜ਼ਿਕਰ ਕਰ ਕੇ ਅਖ਼ੀਰ ਤੇ ਭਾਈ ਗੁਰਦਾਸ ਜੀ ਪਾਠਕ ਸਿੱਖ ਨੂੰ ਸੁਚੇਤ ਕਰਦੇ ਹਨ ਕਿ ਇਹਨਾਂ ਦੇ ਸਰੀਰਕ ਆਕਾਰ ਵਖ ਵਖ ਵੇਖ ਕੇ ਕਿਤੇ ਟਪਲਾ ਨਾ ਖਾ ਜਾਣਾ। ਚੇਤੇ ਰੱਖਣਾ ਕਿ ਗੁਰੂ ਦਾ ਸ਼ਬਦ ਹੀ ਗੁਰੂ ਦੀ ਅਸਲ ਤਸਵੀਰ ਹੈ। ਆਪ ਲਿਖਦੇ ਹਨ :—

ਨਿਰੰਕਾਰੁ ਨਾਨਕੁ ਦੇਉ, ਨਿਰੰਕਾਰਿ ਆਕਾਰੁ ਬਣਾਇਆ। ਗੁਰੁ ਅੰਗਦੁ ਗੁਰ ਅੰਗ ਤੇ, ਗੰਗਹੁ ਜਾਣੁ ਤਰੰਗੁ ਉਠਾਇਆ। ਅਮਰਦਾਸੁ ਗੁਰੁ ਅੰਗਦਹੁ, ਜੋਤਿ-ਸਰੂਪੁ ਚਲਤੁ ਵਰਤਾਇਆ। ਗੁਰ ਅਮਰਹੁ ਗੁਰੁ ਰਾਮਦਾਸੁ, ਅਨਹਦ ਨਾਦਹੁ ਸਬਦੁ ਸੁਣਾਇਆ। ਰਾਮਦਾਸਹੁ ਅਰਜਨੁ ਗੁਰੂ, ਦਰਸਨੁ ਦਰਪਨ ਵਿਚਿ ਦਿਖਾਇਆ। ਹਰਿ ਗੋਬਿੰਦੁ ਗੁਰੁ ਅਰਜਨਹੁ, ਗੁਰੁ ਗੋਵਿੰਦੁ ਨਾਉ ਸਦਵਾਇਆ। ਗੁਰ-ਮੂਰਤਿ ਗੁਰ-ਸਬਦ ਹੈ, ਸਾਧ ਸੰਗਤਿ ਵਿਚਿ ਪਰਗਟੀ ਆਇਆ। ਪੈਰੀਂ ਪਾਇ ਜਗਤੁ ਤਰਾਇਆ॥੨੫॥

(੩) 'ਵਾਰ' ਨੰ: ੩੨ ਦੀ ਦੂਜੀ ਪਉੜੀ ਵਿਚ ਭਾਈ ਗੁਰਦਾਸ ਜੀ ਗੁਰਮੁਖ ਸਿੱਖ ਦੇ ਲੱਛਣ ਦੱਸਦੇ ਹੋਏ ਆਖਦੇ ਹਨ ਕਿ ਗੁਰਮੁਖ ਦੀ ਸੁਰਤ ਸਦਾ ਗੁਰੂ-ਸ਼ਬਦ ਵਿਚ ਜੁੜੀ ਰਹਿੰਦੀ ਹੈ। ਆਪਣੇ ਮਨ ਦੀ ਰਾਹੀਂ, ਬਚਨਾਂ ਦੀ ਰਾਹੀਂ, ਕਰਮਾਂ ਦੀ ਰਾਹੀਂ, ਉਹ ਸਦਾ ਪ੍ਰਭੂ-ਚਰਨਾਂ ਵਿਚ ਜੁੜਿਆ ਰਹਿੰਦਾ ਹੈ। ਉਹ ਬੜਬੋਲਾ ਨਹੀਂ ਹੁੰਦਾ, ਖਾਣ-ਪੀਣ ਦੇ ਚਸਕੇ ਵਿਚ ਨਹੀਂ ਫਸਦਾ। ਪਰ-ਤਨ, ਪਰ ਧਨ, ਪਰਾਈ ਨਿੰਦਾ ਦੇ ਵਿਕਾਰ ਤੋਂ ਗੁਰਸਿੱਖ ਬਚਿਆ ਰਹਿੰਦਾ ਹੈ। ਗੁਰਮੁਖ ਵਾਸਤੇ ਗੁਰੂ ਦਾ ਸ਼ਬਦ ਗੁਰੂ ਦੀ ਅਸਲ ਤਸਵੀਰ ਹੈ। ਆਪ ਲਿਖਦੇ ਹਨ :—

ਦ੍ਰਿਸਟਿ ਦਰਸ ਲਿਵ ਸਾਵਧਾਨੁ, ਸ਼ਬਦਿ ਸੁਰਤਿ ਚੇਤੰਨੁ ਸਿਆਣਾ। ਨਾਮੁ ਦਾਨੁ ਇਸਨਾਨੁ ਦ੍ਰਿੜਿ, ਮਨ ਬਚ ਕਰਮ ਕਰੇ ਮੇਲਾਣਾ। ਗੁਰਸਿਖੁ ਥੋੜਾ ਬੋਲਣਾ, ਥੋੜਾ ਪੀਵਣੁ ਥੋੜਾ ਖਾਣਾ। ਪਰਤਨੁ ਪਰਧਨੁ ਪਰਹਰੈ, ਪਰਨਿੰਦਾ ਸੁਣਿ ਮਨਿ ਸ਼ਰਮਾਣਾ। ਗੁਰ-ਮੂਰਤਿ ਸਤਿਗੁਰ-ਸਬਦੁ, ਸਾਧ ਸੰਗਤਿ ਸਮਸਰਿ ਪਰਵਾਣਾ। ਇਕ-ਮਨਿ ਇੱਕੁ ਅਰਾਧਣਾ, ਦੁਤੀਆ ਨਾਸਤਿ, ਭਾਵੇ ਭਾਣਾ। ਗੁਰਮੁਖਿ ਹੋਂਦੈ ਤਾਣਿ ਨਿਤਾਣਾ॥੨॥



www.AKJ.Org

(੪) ਸਿਖ ਵਾਸਤੇ ਗੁਰੂ ਦਾ ਸ਼ਬਦ ਹੀ ਗੁਰੂ ਦੀ ਤਸਵੀਰ ਹੈ। ਇਹ ਇਕ ਐਸੀ ਮੂਰਤੀ ਹੈ ਜੋ ਹਰ ਵੇਲੇ ਹਿਰਦੇ ਵਿਚ ਟਿਕੀ ਰਹਿ ਸਕਦੀ ਹੈ। ਇਸ ਦਾ ਆਸ਼ਕ ਸੁਆਰਥ ਵਲੋਂ ਮਰ ਕੇ ਆਤਮਕ ਜੀਵਨ ਜੀਊਂਦਾ ਹੈ। ਵੇਖੋ 'ਵਾਰ' ਨੰ: ੩, ਪਉੜੀ ੧੦ :—

ਗੁਰ-ਮੂਰਤਿ ਕਰਿ ਧਿਆਨੁ, ਸਦਾ ਹਜ਼ੂਰਿ ਹੈ।
ਗੁਰਮੁਖ ਸ਼ਬਦ ਗਿਆਨੁ, ਨੇੜਿ, ਨ ਦੂਰਿ ਹੈ।

ਪਉੜੀ ੨੯ :—

ਪੈਰੀ ਪੈ, ਪਾਖਾਕੁ, ਮੁਰੀਦੈ ਥੀਵਣਾ।
ਗੁਰ-ਮੂਰਤਿ ਮੁਸ਼ਤਾਕੁ, ਮਰਿ ਮਰਿ ਜੀਵਣਾ।

(੫) ਗੁਰੂ ਦੇ ਸ਼ਬਦ ਵਿਚ ਸੁਰਤ ਜੋੜ ਕੇ ਸਿੱਖ ਗੁਰੂ ਦਾ ਰੂਪ ਹੋ ਜਾਂਦਾ ਹੈ। ਵੇਖੋ 'ਵਾਰ' ਨੰ: ੧੩ ਦੀ ਦੂਜੀ ਪਉੜੀ :—

ਗੁਰਸਿੱਖਹੁ ਗੁਰਸਿੱਖੁ ਹੈ, ਪੀਰ ਪੀਰਹੁ ਕੋਈ। ਸ਼ਬਦਿ ਸੁਰਤਿ ਚੇਲਾ 'ਗੁਰੂ' ਪਰਮੇਸਰੁ ਸੋਈ। ਦਰਸਨ ਦਿਸਟਿ ਧਿਆਨੁ ਧਰਿ, ਗੁਰ-ਮੂਰਤਿ ਹੋਈ।

ਨੋਟ:—"ਗੁਰ-ਮੂਰਤਿ ਹੋਈ"—ਗੁਰੂ ਦੀ ਸਰੀਰਕ ਸ਼ਕਲ ਨਹੀਂ ਧਾਰਦਾ, ਗੁਰੂ ਦੇ ਆਤਮਕ ਜੀਵਨ ਨਾਲ ਇਕ-ਮਿਕ ਹੋ ਜਾਂਦਾ ਹੈ।

(੬) ਗੁਰੂ ਸੱਚਾ ਸ਼ਬਦ ਸੁਣਾਂਦਾ ਹੈ। ਇਹੀ ਸਿੱਖ ਵਾਸਤੇ 'ਮੰਤਰ' ਹੈ, ਇਹੀ ਗੁਰੂ ਦੀ ਤਸਵੀਰ ਹੈ। ਨਿਮਰਤਾ ਧਾਰ ਕੇ ਸਿੱਖ ਗੁਰੂ ਦੀ ਸ਼ਰਨ ਆਵੇ। ਗੁਰੂ ਤੋਂ ਬਿਨਾਂ ਜਨਮ ਮਰਨ ਦਾ ਗੇੜ ਬਣਿਆ ਰਹਿੰਦਾ ਹੈ। ਵੇਖੋ 'ਵਾਰ' ਨੰ: ੪੦ ਦੀ ਪਉੜੀ ਨੰ: ੨੨ :—

ਧਿਆਨੁ-ਮੂਲੁ ਮੂਰਤਿ ਗੁਰੂ, ਪੂਜ-ਮੂਲੁ ਗੁਰ-ਚਰਣ ਪੁਜਾਏ। ਮੰਤ੍ਰ-ਮੂਲੁ ਗੁਰ-ਵਾਕੁ ਹੈ, ਸਚੁ ਸ਼ਬਦੁ ਸਤਿਗੁਰੂ ਸੁਣਾਏ।...... ਬਿਨੁ ਗੁਰ ਪੂਰੇ ਆਵੈ ਜਾਏ।੨੨।

## ਗੁਰ-ਤਸਵੀਰ ਤਸਵੀਰ-ਪੂਜਾ ਵਲ ਪ੍ਰੇਰਦੀ ਹੈ—

ਇਹ ਵੇਖ ਕੇ ਕਿ ਅੱਜ ਕਲ੍ਹ ਦਿਨੋ-ਦਿਨ ਸਿੱਖ-ਨੌਜੁਆਨ ਗੁਰਬਾਣੀ ਵਲੋਂ ਪਰੇ ਹੁੰਦੇ ਜਾ ਰਹੇ ਹਨ, ਪੰਥ ਦੇ ਹਿਤੈਸ਼ੀ ਆਗੂਆਂ ਨੇ ਕਦੇ ਕਦੇ ਇਹ ਅਵਾਜ਼ ਉਠਾਣੀ ਸ਼ੁਰੂ ਕਰ ਦਿੱਤੀ ਹੈ। ਕਿਤੇ ਕਿਤੇ ਇਹ ਵਿਚਾਰ ਭੀ ਚੱਲ ਪਏ ਹਨ ਕਿ ਕਿਵੇਂ ਇਹ ਵਧਦੀ ਅਸ਼ਰਧਾ ਰੁਕ ਸਕੇ। ਅਸ਼ਰਧਾ ਦੇ ਕਾਰਨ ਲੱਭਦਿਆਂ ਕਈ ਕਾਹਲੇ ਸੱਜਣ ਖ਼ਾਲਸਾ ਸਕੂਲਾਂ ਤੇ ਕਾਲਜਾਂ ਦੇ ਸਿੱਖ-ਅਧਿਆਪਕਾਂ ਉੱਤੇ ਵਰ੍ਹ ਰਹੇ ਹਨ। ਸ਼ਾਇਦ ਇਸੇ ਵਧ ਰਹੀ ਅਸ਼ਰਧਾ ਨੂੰ ਰੋਕਣ ਲਈ, ਜਾਂ, ਹੋਰ ਹੋਰ ਦੇਸ਼ਾਂ ਤੇ ਅਨਮਤਾਂ ਵਿਚ ਸਿੱਖ-ਧਰਮ ਅਤੇ ਸਿੱਖ-ਪੰਥ ਵਾਸਤੇ ਦਿਲਚਸਪੀ ਪੈਦਾ ਕਰਨ ਲਈ ਕੁਝ ਜ਼ਿਮੇਵਾਰ ਜੱਥੇਬੰਦੀਆਂ ਵਲੋਂ ਗੁਰੂ ਸਾਹਿਬਾਨ ਦੀਆਂ ਵਧੀਆ ਤਸਵੀਰਾਂ ਬਨਾਣ ਤੇ ਵਿਚਾਰ ਹੋ ਰਹੀ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਢੇਰ ਸਮੇਂ ਤੋਂ ਦੁਕਾਨਦਾਰ ਗੁਰੂ ਸਾਹਿਬਾਂ ਦੀਆਂ ਤਸਵੀਰਾਂ ਬਣਾਂਦੇ ਆ ਰਹੇ ਹਨ। ਪਰ ਇਥੋਂ ਇਹ ਗੱਲ ਸਿੱਧ ਨਹੀਂ ਹੋ ਗਈ ਕਿ ਇਹ ਮਨਮੱਤ ਨਹੀਂ ਹੈ। ਕਿਸੇ ਜ਼ਿਮੇਵਾਰ ਜੱਥੇ ਨੂੰ ਇਹ ਕੰਮ ਹੱਥ ਵਿਚ ਲੈਣ ਤੋਂ ਪਹਿਲਾਂ ਇਹ ਨਿਰਨਾ ਕਰ ਲੈਣਾ ਚਾਹੀਦਾ ਹੈ ਕਿ ਕਿਤੇ ਇਹ ਉੱਦਮ ਸਿੱਖ-ਧਰਮ ਦੇ ਬੁਨਿਆਦੀ ਅਸੂਲਾਂ ਦੇ ਉਲਟ ਤਾਂ ਨਹੀਂ ਹੈ।

ਇਕ ਜ਼ਿਮੇਵਾਰ ਸੱਜਣ ਨੂੰ ਮੈਂ ਇਸ ਬਾਰੇ ਇਕ ਵਾਰੀ ਪੁੱਛਿਆ ਕਿ ਜੇ ਗੁਰ-ਮੂਰਤਿ ਦਾ ਖ਼ਿਆਲ ਮਨਮੱਤ ਨਹੀਂ ਹੈ ਤਾਂ ਭਾਈ ਗੁਰਦਾਸ ਜੀ ਨੇ ਇਸ ਦੀ ਇਤਨੀ ਵਿਰੋਧਤਾ ਕਿਉਂ ਕੀਤੀ। ਅਗੋਂ ਉਹਨਾਂ ਜੋ ਉੱਤਰ ਦਿੱਤਾ, ਉਹ ਅਚਰਜ ਢਹਿੰਦੀ ਕਲਾ ਪਰਗਟ ਕਰਦਾ ਹੈ। ਕਹਿਣ ਲੱਗੇ ਕਿ ਤਸਵੀਰਾਂ ਬਣ ਤਾਂ ਰਹੀਆਂ ਹੀ ਹਨ, ਅਸੀਂ ਇਹਨਾਂ ਨੂੰ ਰੋਕ ਨਹੀਂ ਸਕੇ, ਰੋਕ ਨਹੀਂ ਸਕਦੇ। ਫਿਰ ਕਿਉਂ ਨ ਵਧੀਆ ਤਸਵੀਰਾਂ ਬਣਾਈਆਂ ਜਾਣ?

ਇਸ ਵੇਲੇ ਪੰਥ ਦੇ ਤਿੰਨ ਉੱਘੇ ਜ਼ਿਮੇਵਾਰ ਜੱਥੇ ਹਨ—ਚੀਫ਼ ਖ਼ਾਲਸਾ ਦੀਵਾਨ, ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਸ਼ਰੋਮਣੀ ਅਕਾਲੀ ਦਲ। ਕੀ ਕਦੇ ਇਹਨਾਂ ਜੱਥਿਆਂ ਨੇ ਗੁਰ-ਤਸਵੀਰ ਦੇ ਵਿਰੁਧ

[ਬਾਕੀ ਦੇਖੋ ਸਫ਼ਾ ੩੩ ਦੇ ਹੇਠ]



www.AKJ.Org

# ਧਰਮ ਕੀ ਗਤਿ ਰਹੀ

[ ਵਲੋਂ—ਭਾਈ ਜੋਗਿੰਦਰ ਸਿੰਘ ਜੀ, ਤਲਵਾੜਾ ]

'ਬਾਪੂ ਜੀ ! ਤੁਸੀਂ ਕੁਝ ਪੜ੍ਹਿਆ ਸੁਣਿਐ ?'

''ਕੀ ਬੱਚਾ ?'

''ਸ੍ਰੀ ਅਕਾਲ ਤਖ਼ਤ ਤੋਂ ਪੰਜਾਂ ਸਿੰਘਾਂ ਦੇ ਦਸਖ਼ਤਾਂ ਹੇਠਾਂ ਸ਼ਰੋਮਣੀ ਅਕਾਲੀ ਦਲ ਦੇ ਦੋ ਧੜਿਆਂ ਦੇ ਅੰਦਰਲੇ ਝਗੜੇ ਸੰਬੰਧੀ ਫ਼ੈਸਲਾ ਸੁਣਾਇਆ ਗਿਐ ।''

''ਹਾਂ ! ਅਖ਼ਬਾਰ ਵਿਚ ਪੜ੍ਹਿਆ ਹੈ ।''

''ਤੁਹਾਡਾ ਇਸ ਬਾਰੇ ਕੀ ਵਿਚਾਰ ਹੈ ? ਬਾਪੂ ਜੀ !''

''ਕਾਕਾ ! ਮੇਰੇ ਵਿਚਾਰਾਂ ਦੀ ਕੀ ਵੁਕਤ ਹੈ ?''

''ਕਿਉਂ ਬਾਪੂ ਜੀ ! ਵੁਕਤ ਕਿਉਂ ਨਹੀਂ? ਤੁਸੀਂ ਸਾਰੀ ਉਮਰ ਪੰਥ-ਸੇਵਕ ਰਹੇ ਹੋ । ਤੁਹਾਡੇ ਵਿਚਾਰਾਂ ਤੋਂ ਗੁਰਮਤਿ ਬਾਰੇ ਬੜੀ ਨਿਗਰ ਸੇਧ ਮਿਲਦੀ ਹੈ । ਮੈਂ ਆਪਣੀ ਗਿਆਤ ਲਈ ਹੀ ਤੁਹਾਥੋਂ ਪੁਛ ਕੀਤੀ ਹੈ ।''

''ਦੇਖ ਬੱਚਾ, ਗੁਰਮਤਿ ਦੇ ਕਿਸੇ ਸਿਧਾਂਤ ਸੰਬੰਧੀ ਪਰਸਪਰ ਮਤ ਭੇਦ ਹੋਵੇ ਤਾਂ ਉਸ ਸੰਬੰਧੀ ਸਪੱਸ਼ਟੀਕਰਨ ਦੇਣਾ ਜਾਂ ਫ਼ੈਸਲਾ ਕਰਨਾ ਅਕਾਲ ਤਖ਼ਤ ਦਾ ਕਰਤੱਵ ਬਣਦਾ ਹੈ । ਪਰ ਪਾਰਟੀ ਧੜਿਆਂ ਦੀ ਖਹਿ-ਮ-ਖਹਿ ਵਿਚ ਆਉਣਾ ਠੀਕ ਨਹੀਂ ਜਾਪਦਾ । ਲੋਕੀਂ ਆਖਦੇ ਨੇ ਇਹਨਾਂ ਸਿਆਸੀ ਲੋਕਾਂ ਦਾ ਦੀਨ ਈਮਾਨ ਕੋਈ ਨਹੀਂ ਹੁੰਦਾ, ਜਦੋਂ ਮਰਜ਼ੀ ਬਦਲ ਜਾਂਦੇ ਨੇ । ਇਹਨਾਂ ਨੂੰ ਉਹੀ ਫ਼ੈਸਲਾ ਪਰਵਾਨ ਹੁੰਦਾ ਹੈ ਜਿਹੜਾ ਉਹਨਾਂ ਦੇ ਅਨਕੂਲ ਹੋਵੇ । ਜਦੋਂ ਕੋਈ ਫ਼ੈਸਲਾ ਉਹਨਾਂ ਦੇ ਵਿਰੁਧ ਜਾਂਦਾ ਹੋਵੇ ਤਾਂ ਉਸ ਫ਼ੈਸਲੇ ਨੂੰ ਅਤੇ ਫ਼ੈਸਲਾ ਕਰਨ ਵਾਲਿਆਂ ਨੂੰ ਟਿੱਚ ਸਮਝਦੇ ਨੇ । ਅਜਿਹੀ ਦਸ਼ਾ ਵਿਚ ਇਹਨਾਂ ਦੇ

---

[੩੨ ਸਫੇ ਦੀ ਬਾਕੀ]

ਕੋਈ ਫ਼ੈਸਲਾ ਕੀਤਾ ਹੈ ਅਤੇ ਉਹ ਫ਼ੈਸਲਾ ਅਖ਼ਬਾਰਾਂ ਤੇ ਪਰਚਾਰਕਾਂ ਦੀ ਰਾਹੀਂ ਸਿੱਖ-ਜਨਤਾ ਦੇ ਸਾਹਮਣੇ ਲਿਆਂਦਾ ਹੈ ? ਫਿਰ ਇਹ ਕਿਵੇਂ ਸਾਬਤ ਹੋ ਗਿਆ ਕਿ ਅਸੀਂ ਇਸ ਮਨਮੱਤ ਨੂੰ ਰੋਕ ਨਹੀਂ ਸਕੇ ?

ਪਰ ਕੀ ਜਿਸ ਜਿਸ ਵਧ ਰਹੀ ਮਨਮੱਤ ਨੂੰ ਸਾਡੇ ਲਈ ਔਖਾ ਹੁੰਦਾ ਜਾਏਗਾ ਉਸ ਅੱਗੇ ਹਥਿਆਰ ਸੁਟ ਕੇ ਉਸ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਗੁਰਮਤਿ ਵਿਚ ਪਰਵਾਨ ਕਰੀ ਜਾਵਾਂਗੇ ? ਕੌਣ ਨਹੀਂ ਜਾਣਦਾ ਕਿ ਰਾਜਸੀ ਚੋਣਾਂ ਵੇਲੇ ਰਿਸ਼ਵਤ ਤੇ ਸ਼ਰਾਬ ਦੇ ਹੜ ਚੱਲ ਪੈਂਦੇ ਹਨ ? ਇਹ ਚੋਣਾਂ ਹਰ ਪੰਜ ਸਾਲ ਪਿਛੋਂ ਹੁੰਦੀਆਂ ਰਹਿੰਦੀਆਂ ਹਨ । ਜਿਨ੍ਹਾਂ ਪਾਸ ਧਨ ਹੈ ਉਹਨਾਂ ਪਰਚੀਆਂ ਖ਼ਰੀਦਣੋਂ ਕਦੇ ਹਟਣਾ ਨਹੀਂ । ਕੀ ਫਿਰ ਰਿਸ਼ਵਤ ਤੇ ਸ਼ਰਾਬ ਨੂੰ ਅਸਾਂ ਕਿਸੇ ਵੇਲੇ ਧਰਮ ਦਾ ਹਿੱਸਾ ਮੰਨ ਲੈਣਾ ਹੈ ?

ਜਦੋਂ ਅਸਾਂ ਇੱਕ ਵਾਰੀ ਗੁਰ-ਤਸਵੀਰ ਨੂੰ ਗੁਰਮਤਿ ਦੀ ਲੜੀ ਵਿਚ ਪ੍ਰੋ ਲਿਆ, ਤਾਂ ਇਸ ਪੈਂਤੜੇ ਤੋਂ ਐਸੇ ਐਸੇ ਖ਼ਤਰਨਾਕ ਧਰਮ-ਵਿਰੋਧੀ ਸਿੱਟੇ ਨਿਕਲਣਗੇ, ਜਿਨ੍ਹਾਂ ਦਾ ਟਾਕਰਾ ਕਰਨਾ ਸਾਡੇ ਵੱਸ ਦੀ ਗੱਲ ਨਹੀਂ ਰਹੇਗੀ । ਤਸਵੀਰ-ਪੂਜਾ ਤਾਂ ਹੁਣੇ ਹੀ ਸ਼ੁਰੂ ਹੋ ਚੁਕੀ ਹੈ । ਘਰਾਂ ਦੀ ਗੱਲ ਲਾਂਭੇ ਰਹਿਣ ਦਿਉ, ਗੁਰਦੁਆਰਿਆਂ ਵਿਚ ਹੀ ਤਸਵੀਰ-ਪੂਜਾ ਖੁਲ੍ਹਮ-ਖੁਲ੍ਹਾ ਹੋ ਰਹੀ ਹੈ । ਜਿਹੜੇ ਸੱਜਣ ਇਹ ਆਖਦੇ ਹਨ ਕਿ ਕੋਮਲ ਹੁਨਰ ਦੀ ਉੱਨਤੀ ਦੀ ਖ਼ਾਤਰ ਗੁਰ ਤਸਵੀਰ ਜ਼ਰੂਰ ਚਾਹੀਦੀ ਹੈ, ਤੇ ਜੇ ਤਸਵੀਰ ਪੂਜਾ ਚਲਾਉਣ ਦਾ ਖ਼ਤਰਾ ਪੈਦਾ ਹੋਇਆ ਤਾਂ ਅਸੀਂ ਇਸ ਦੇ ਵਿਰੁਧ ਪਰਚਾਰ ਕਰ ਕੇ ਇਸ ਨੂੰ ਰੋਕਾਂਗੇ, ਕੀ ਉਹਨਾਂ ਅਜੇ ਤਕ ਕਿਸੇ ਇਤਿਹਾਸਕ ਗੁਰਦੁਆਰੇ ਵਿਚ ਤਸਵੀਰ ਪੂਜਾ ਹੁੰਦੀ ਨਹੀਂ ਵੇਖੀ ? ਤਾਂ ਫਿਰ ਉਹਨਾਂ ਨੂੰ ਇਹ ਚੀਜ਼ ਕਦੇ ਭੀ ਨਹੀਂ ਦਿੱਸਣੀ ।

ਪਰ ਸਵਾਲ ਤਾਂ ਇਹ ਹੈ ਕਿ ਇਸ ਮਨਮੱਤ ਨੂੰ ਪੰਥਕ ਪਰਵਾਨਗੀ ਦਿੱਤੀ ਹੀ ਕਿਉਂ ਜਾਏ ?

('ਸਿਖੁ ਸਿਦਕੁ ਨ ਹਾਰੇ' ਪੁਸਤਕ ਵਿਚੋਂ)



www.AKJ.Org

ਝਗੜਿਆਂ ਵਿਚ ਆਉਣਾ ਕੋਈ ਭਲੀ ਗੱਲ ਨਹੀਂ।"

"ਬਾਪੂ ਜੀ! ਤੁਸੀਂ ਆਪ ਕਿਹਾ ਕਰਦੇ ਸੀ ਕਿ ਸ਼ਰੋਮਣੀ ਅਕਾਲੀ ਦਲ ਪੰਥਕ ਪਾਰਟੀ ਹੈ। ਫਿਰ ਇਸ ਪੰਥਕ ਪਾਰਟੀ ਵਿਚ ਜੇ ਤਰੇੜ ਆਵੇ ਤਾਂ ਕੀ ਅਕਾਲ ਤਖ਼ਤ ਦਾ ਫ਼ਰਜ਼ ਨਹੀਂ ਬਣ ਜਾਂਦਾ ਕਿ ਇਸ ਨੂੰ ਮਿਟਾਵੇ?"

"(ਹਾਹੁਕਾ ਲੈ ਕੇ!) ਇਸ ਵਿਚ ਸ਼ਕ ਨਹੀਂ ਕਿ ਸ਼ਰੋਮਣੀ ਅਕਾਲੀ ਦਲ ਪੰਥ ਦੀ ਨੁਮਾਇੰਦਾ ਜਮਾਤ ਹੈ। ਅਕਾਲ ਤਖ਼ਤ ਦੀ ਅਗਵਾਈ ਅਧੀਨ ਸ਼ਰੋਮਣੀ ਅਕਾਲੀ ਦਲ ਪੰਥਕ ਹਿਤਾਂ ਦੀ ਅਤੇ ਸਰਬੱਤ ਮਨੁਖਤਾ ਦੇ ਹਿਤਾਂ ਦੀ ਰਾਖੀ ਦਾ ਜ਼ਾਮਨ ਹੈ। ਗੁਰਮਤਿ ਨੂੰ ਪਰਚਾਰਨ ਲਈ, ਤੇ ਪੰਥ ਦੀ ਚੜ੍ਹਦੀ ਕਲਾ ਅਤੇ ਪੰਥਕ ਹਿਤਾਂ ਦੀ ਰਾਖੀ ਲਈ ਨਿਰੰਤਰ ਯਤਨ ਸ਼ੀਲ ਰਹਿਣਾ ਸ਼੍ਰੋਮਣੀ ਅਕਾਲੀ ਦਲ ਦਾ ਪਰਮੁਖ ਕਰਤੱਵ ਹੈ।

"ਬੱਚਾ! ਸ਼ਰੋਮਣੀ ਅਕਾਲੀ ਦਲ ਦਾ ਇਤਿਹਾਸ ਬੜਾ ਗੌਰਵ ਮਈ ਹੈ। ਪੰਥ ਦੀ ਸ਼ਾਨ ਉਚੀ ਰਖਣ ਲਈ ਅਕਾਲੀ ਸੂਰਬੀਰਾਂ ਨੇ ਹੱਸ ਹੱਸ ਜਾਨਾਂ ਵਾਰੀਆਂ। ਗੁਰਦੁਆਰਿਆਂ ਵਿਚੋਂ ਕੁਰੀਤੀਆਂ ਦੂਰ ਕਰਨ ਲਈ ਗੋਲੀਆਂ ਖਾਧੀਆਂ, ਜੀਉਂਦੇ ਸਾੜੇ ਗਏ। ਧਰਮ ਹਿਤ ਕਿਸੇ ਵਡੀ ਤੋਂ ਵਡੀ ਕੁਰਬਾਨੀ ਦੇਣ ਤੋਂ ਸੰਕੋਚ ਨਾ ਕੀਤਾ। ਅਤੇ ਇਹ ਸਭ ਕੁਝ 'ਆਤਮ ਦੇ ਚਾਅ' ਹਿਤ ਕੀਤਾ। ਧਰਮੀ ਜੀਊੜਿਆਂ ਨੇ ਦੇਸ਼ ਦੇ ਸੁਤੰਤਰਤਾ-ਸੰਗਰਾਮ ਵਿਚ ਵੀ ਬਾਕੀ ਦੇਸ਼-ਵਾਸੀਆਂ ਤੋਂ ਕਿਤੇ ਵਧ ਹਿੱਸਾ ਪਾਇਆ।

"ਪਰ ਹੁਣ 'ਮੋਈ ਤਾਂ ਜੇ ਸਾਹ ਨਾ ਆਇਆ', ਸ਼ਰੋਮਣੀ ਅਕਾਲੀ ਦਲ ਦੀ ਵਰਤਮਾਨ ਦਸ਼ਾ ਇਹ ਹੈ ਕਿ ਪੰਥ ਦਾ ਸਰਬੋਤਮ ਨਾਮ ਵਰਤ ਕੇ ਸਿਆਸੀ ਸਤਿਆ ਪ੍ਰਾਪਤ ਕਰਨ ਅਤੇ ਫਿਰ ਮਨ-ਮਾਨੀ ਕਰਨ ਦਾ ਅਖਾੜਾ ਬਣਿਆ ਹੋਇਆ ਹੈ। ਸ਼ਰੋਮਣੀ ਅਕਾਲੀ ਦਲ ਧਾਰਮਕ ਨਹੀਂ, ਸਗੋਂ ਸਿਆਸੀ ਪਾਰਟੀ ਬਣ ਗਿਆ ਹੈ। ਅਫਸੋਸ ਇਹ ਹੈ ਕਿ ਇਸ ਦੀ ਸਿਆਸਤ ਧਰਮ ਤੋਂ ਬਿਲਕੁਲ ਕੋਰੀ ਹੈ। ਤੂੰ ਦੇਖਦਾ ਨਹੀਂ ਕਿ ਕਈ ਜਿਹੜੇ ਅੰਦਰਖ਼ਾਨੇ ਰੋਜ਼ ਦਾਰੂ ਪੀਣ ਵਾਲੇ ਨੀਲੀ ਪਗੜੀ ਬੰਨ੍ਹ ਕੇ ਕੇਵਲ ਅਕਾਲੀ ਹੀ ਨਹੀਂ, ਸਗੋਂ ਇਸ ਪਾਰਟੀ ਦੇ ਚੌਧਰੀ ਬਣੇ ਫਿਰਦੇ ਨੇ। ਅਕਾਲ ਤਖ਼ਤ ਦੀ ਨੁਮਾਇੰਦਗੀ ਕਰਨੀ ਤਾਂ ਇਕ ਪਾਸੇ ਰਹੀ, ਅਜਿਹੇ ਵਿਅਕਤੀ ਇਕ ਤਰ੍ਹਾਂ ਨਾਲ ਅਕਾਲ ਤਖ਼ਤ ਦੇ ਹੁਕਮਾਂ ਦੀ ਉਲੰਘਣਾ ਕਰਨ ਦੇ ਦੋਸ਼ੀ ਹਨ। ਪਰ ਰਾਣੀ ਨੂੰ ਕੌਣ ਆਖੇ ਅੱਗਾ ਢੱਕ। ਅਜਿਹੀ ਦੁਰਦਸ਼ਾ ਦੇਖ ਕੇ ਚਿਤ ਨੂੰ ਡੋਬੂ ਪੈਂਦਾ ਏ।"

"ਬਾਪੂ ਜੀ! ਜੇ ਅਕਾਲੀ ਦਲ ਦੀ ਵਰਤਮਾਨ ਦਸ਼ਾ ਤੁਹਾਡੀ ਜਾਚੇ ਏਨੀ ਨਿਘਰ ਗਈ ਹੈ ਤਾਂ ਕੀ ਅਕਾਲ ਤਖ਼ਤ ਦੇ ਅਧਿਕਾਰੀਆਂ ਨੂੰ ਇਸ ਦਾ ਪਤਾ ਨਹੀਂ? ਉਹਨਾਂ ਨੇ ਸਮੂਹ ਸਿਖ ਸੰਗਤਾਂ ਨੂੰ ਸੂਚਿਤ ਕੀਤਾ ਹੈ ਕਿ ਪੰਥ ਵਿਚ ਸ਼ਰੋਮਣੀ ਅਕਾਲੀ ਦਲ ਦੀ ਜਥੇਬੰਦੀ ਨੂੰ ਸਭ ਤੋਂ ਸੁਪਰੀਮ ਮੰਨਿਆ ਜਾਵੇ।"

"ਸਿਖ ਪੰਥ ਵਿਚ ਪਰਧਾਨ ਹਨ ਪੰਜ ਪਿਆਰੇ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ (ਆਗਿਆਕਾਰਤਾ) ਵਿਚ ਹੁੰਦੇ ਹਨ ਅਤੇ ਜਿਨ੍ਹਾਂ ਦੀ ਸਾਰੀ ਕਾਰਵਾਈ ਗੁਰਮਤਿ ਅਨੁਸਾਰ ਸਰਬ-ਸੰਮਤੀ ਨਾਲ ਹੁੰਦੀ ਹੈ। ਕੋਈ ਸਿਆਸੀ ਪਾਰਟੀ ਜੋ ਧੜਿਆਂ ਵਿਚ ਲੀਰੋ ਲੀਰ ਹੋਈ ਪਈ ਹੋਵੇ, ਅਤੇ ਇਹ ਪਾਰਟੀ ਧਰਮ ਨੂੰ ਛਿਕੇ ਤੇ ਟੰਗ ਕੇ ਚੌਧਰ ਲਈ ਦੰਗਾ ਕਰਨੋਂ ਵੀ ਸੰਕੋਚ ਨ ਕਰਦੀ ਹੋਵੇ, ਭਾਵੇਂ ਪੰਥ ਨੂੰ ਇਸ ਨਾਲ ਕਿੰਨੀ ਨਮੋਸ਼ੀ ਅਤੇ ਹਾਨੀ ਹੋਵੇ, ਉਸ ਨੂੰ ਸਿਖ ਸੰਗਤਾਂ ਸੁਪਰੀਮ ਕਿਵੇਂ ਮੰਨ ਸਕਦੀਆਂ ਹਨ।

"ਫਿਰ ਅਕਾਲੀ ਦਲ ਦਾ ਨਾਮ ਸਿਖਾਂ ਵਿਚ ਪਰਤਿਸ਼ਟਤ ਹੋਣ ਕਰਕੇ ਹੁਣ ਕਈ ਅਕਾਲੀ ਦਲ ਮੈਦਾਨ ਵਿਚ ਉਤਰ ਆਏ ਹਨ। ਸ਼ਰੋਮਣੀ ਅਕਾਲੀ ਦਲ, ਜਿਸ ਨੂੰ ਕਿ ਸੁਪਰੀਮ ਹੋਣ ਦਾ ਸਰਟੀਫ਼ੀਕੇਟ ਮਿਲਿਆ ਹੈ, ਇਸ ਤੋਂ ਵਖਰਾ ਦਿਲੀ ਦਾ ਅਕਾਲੀ ਦਲ ਹੈ, ਜਿਸ ਨੇ ਦਿਲੀ ਦੀਆਂ ਗੁਰਦਵਾਰਾ ਚੋਣਾਂ ਵਿਚ ਬਹੁ-ਮਤ ਬਣਾ ਲਿਆ ਹੈ। ਕਸ਼ਮੀਰ ਵਿਚ ਪੰਥਕ ਪਾਰਟੀ ਨੇ ਗੁਰਦਵਾਰਾ ਚੋਣਾਂ ਵਿਚ ਸ਼ਰੋਮਣੀ ਅਕਾਲੀ ਦਲ ਤੋਂ ਚਾਰ-ਗੁਣਾ ਬਹੁ-ਮਤ ਪ੍ਰਾਪਤ ਕੀਤਾ ਹੈ। ਫਿਰ ਪਤਾ ਨਹੀਂ ਅਕਾਲ ਤਖ਼ਤ ਦੇ ਅਧਿਕਾਰੀਆਂ ਵਲੋਂ ਕਿਹੜੇ ਅਕਾਲੀ ਦਲ ਨੂੰ ਸੁਪਰੀਮ ਹੋਣ ਦੀ ਡਿਗਰੀ ਦਿਤੀ ਗਈ ਹੈ!

"ਕਿਡੀ ਨਿਘਰੀ ਦਸ਼ਾ ਹੈ ਕਿ ਦਿਲੀ ਦੇ ਪਰਸਪਰ ਵਿਰੋਧੀ ਅਕਾਲੀ ਦਲਾਂ ਵਲੋਂ ਔਹਦੇ-ਦਾਰਾਂ ਦੀ ਚੋਣ ਹੋਣ ਵਾਲੇ ਦਿਨ, ਚੋਣ ਮੁਲਤਵੀ ਕਰਵਾਉਣ ਲਈ ਇਕ ਦੂਜੇ ਦੇ ਮੈਂਬਰ ਅਗਵਾ ਕਰਨ ਦਾ ਕੋਝਾ ਢੰਗ ਵਰਤਿਆ ਗਿਆ, ਜਿਸ ਨਾਲ ਸਮੁਚੀ ਸਿਖ ਕੌਮ ਦੀ ਨਮੋਸ਼ੀ ਹੋਈ। ਜੇ ਧਰਮ ਦਾ ਕੁੰਡਾ ਪ੍ਰਬਲ

www.AKJ.Org

ਹੋਵੇ ਤਾਂ ਇਹਨਾਂ ਭਲੇਮਾਨਸਾਂ ਨੂੰ ਪੁਛੇ ਕਿ ਤੁਸੀਂ ਕਿਉਂ ਸਿਖ ਪੰਥ ਦੀਆਂ ਜੜ੍ਹਾਂ ਵਢ ਰਹੇ ਹੋ ?"

"ਬਾਪੂ ਜੀ ! ਇਹ ਆਮ ਮਨੌਤ ਹੈ ਕਿ ਸਿਆਸਤ ਤੇ ਧਰਮ ਸਾਂਝੇ ਹਨ । ਜੇ ਇਹ ਠੀਕ ਹੈ ਤਾਂ ਧਰਮ ਨੂੰ ਸਿਆਸਤ ਵਿਚ ਦਖ਼ਲ ਦੇ ਕੇ ਇਸ ਦੇ ਝਗੜੇ ਨਿਬੇੜਨੇ ਹੀ ਪੈਣਗੇ ।"

"ਸਿਖ ਧਰਮ ਵਿਚ 'ਧਰਮ' ਪ੍ਰਧਾਨ ਹੈ ਤੇ ਧਰਮ ਹੀ ਸਭ ਕੁਝ ਹੈ । ਧਰਮ ਮਨੁਖ ਨੂੰ ਹਰ ਪਖੋਂ ਸੰਪੂਰਨ ਬਣਾਉਂਦਾ ਹੈ । ਧਰਮ ਮਨੁਖ ਨੂੰ ਸੋਝੀ ਬਖਸ਼ਦਾ ਹੈ ਕਿ ਉਸ ਦੇ ਆਪਣੇ ਪ੍ਰਤੀ, ਆਪਣੇ ਰਚਨਹਾਰ ਕਰਤੇ ਪ੍ਰਤੀ ਅਤੇ ਕਰਤੇ ਦੀ ਪੈਦਾ ਕੀਤੀ ਹੋਈ ਖ਼ਲਕਤ ਪ੍ਰਤੀ ਕੀ ਫ਼ਰਜ਼ ਹਨ । ਹਰੇਕ ਸਿਖ ਦਾ ਜੀਵਨ-ਨਿਸ਼ਾਨਾ ਧਰਮ ਕਮਾਉਣਾ, ਧਰਮ ਪਰਚਾਰਨਾ ਅਤੇ ਧਰਮ ਦੇ ਬੋਲ ਬਾਲੇ ਕਰਨ ਲਈ ਯਤਨ-ਸ਼ੀਲ ਰਹਿਣਾ ਹੈ। ਸ੍ਵੈ-ਹਕਾਂ ਦੀ ਰਾਖੀ ਕਰਨੀ ਅਤੇ ਦੂਸਰਿਆਂ ਦੇ ਹਕਾਂ ਦੀ ਰਾਖੀ ਦਾ ਜ਼ਾਮਨ ਹੋਣਾ ਸਹੀ ਸਿਆਸਤ ਹੈ । ਜੀਵਨ ਵਿਚ ਅਜਿਹਾ ਸਾਵਾਂ ਪਧਰਾ ਤੇ ਨਰੋਆ ਵਤੀਰਾ ਧਾਰਨ ਕਰਨ ਦੀ ਸਿਖਿਆ ਸਿਖ ਨੂੰ ਧਰਮ ਤੋਂ ਮਿਲਦੀ ਹੈ । ਹੋਰ ਕਿਸੇ ਲਈ ਸਿਆਸਤ ਕੋਈ ਵਖਰੀ ਬਲਾ ਹੋਵੇ ਤਾਂ ਹੋਵੇ ਪਰ ਸਿਖ ਲਈ ਧਰਮ ਹੀ ਸਭ ਕੁਝ ਹੈ । ਫਿਰ ਪਤਾ ਨਹੀਂ ਸਿਖ ਧਰਮ ਵਿਚ ਸਿਆਸਤ ਦੀ ਹੋਂਦ ਵਖਰੇ ਰੂਪ ਵਿਚ ਕਿਉਂ ਉਂਗਰ ਪਈ ਹੈ । ਸ਼ਰੋਮਣੀ ਅਕਾਲੀ ਦਲ ਅਰੰਭ ਵਿਚ ਧਾਰਮਕ ਸੰਸਥਾ ਦੇ ਰੂਪ ਵਿਚ ਹੋਂਦ ਵਿਚ ਆਇਆ । ਸਮੇਂ ਦੇ ਗੇੜ ਨਾਲ ਜਿਉਂ ਜਿਉਂ ਧਰਮ ਦਾ ਪ੍ਰਭਾਵ ਘਟਦਾ ਗਿਆ ਤੇ ਇਸ ਦੇ ਵਰਕਰਾਂ ਵਿਚ ਤਾਕਤ ਦੀ ਭੁਖ ਪ੍ਰਧਾਨ ਹੁੰਦੀ ਗਈ ਤਿਉਂ ਤਿਉਂ ਇਸ ਨੂੰ ਸਿਆਸੀ ਰੰਗਣ ਚੜ੍ਹਦੀ ਗਈ ਤੇ ਇਸ ਵੇਲੇ ਇਹ ਧਰਮ ਦੇ ਬੁਰਕੇ ਹੇਠ ਇਕ ਪੂਰਨ ਸਿਆਸੀ ਪਾਰਟੀ ਦੇ ਰੂਪ ਵਿਚ ਕੰਮ ਕਰ ਰਹੀ ਹੈ । ਸ਼ਰੋਮਣੀ ਅਕਾਲੀ ਦਲ ਦੀ ਸਿਆਸਤ ਬਾਕੀ ਪਾਰਟੀਆਂ ਦੀ ਸਿਆਸਤ ਤੋਂ ਕੋਈ ਉਚੇ ਪਧਰ ਦੀ ਨਹੀਂ । ਜੇ ਬਾਕੀ ਪਾਰਟੀਆਂ ਵਿਚ ਧੜੇ ਤੇ ਕੁਰਸੀਆਂ ਲਈ ਝਗੜੇ ਹਨ ਤਾਂ ਇਸ ਵਿਚ ਅਜਿਹੇ ਝਗੜੇ ਬਾਕੀਆਂ ਨਾਲੋਂ ਕੁਝ ਵਧੇਰੇ ਹੀ ਹਨ । ਜੇ ਬਾਕੀ ਸਿਆਸੀ ਪਾਰਟੀਆਂ ਵਿਚ ਕੁਟਲਤਾ ਪ੍ਰਧਾਨ ਹੈ ਤਾਂ ਸ਼ਰੋਮਣੀ ਅਕਾਲੀ ਦਲ ਵੀ ਇਸ ਤੋਂ ਮੁਕਤ ਨਹੀਂ । ਧਰਮ ਤਾਂ ਪਰਾਇਆਂ ਵਿਚ ਪ੍ਰਮਾਤਮਾ ਦੀ ਜੋਤਿ ਅਨੁਭਵ ਕਰਨ ਅਤੇ ਉਹਨਾਂ ਨਾਲ ਪਿਆਰ ਕਰਨ ਦੀ ਸਿਖਿਆ ਦੇਂਦਾ ਹੈ, ਪਰ ਸ਼ਰੋਮਣੀ ਅਕਾਲੀ ਦਲ ਦੇ ਸਿਆਸੀ ਆਗੂਆਂ ਨੂੰ ਆਪਣੇ ਗੁਰਸਿਖ ਭਰਾਵਾਂ ਵਿਚ ਵੀ ਪ੍ਰਮਾਤਮਾ ਦੀ ਹੋਂਦ ਅਨੁਭਵ ਨਹੀਂ ਹੁੰਦੀ ਤੇ ਉਹਨਾਂ ਨੂੰ ਪਿਆਰ ਕਰਨ ਦੀ ਬਜਾਏ ਉਹਨਾਂ ਤੋਂ ਘਿਰਣਾ ਕਰਦੇ ਅਤੇ ਉਹਨਾਂ ਵਿਰੁਧ ਖੁਲ੍ਹਮ ਖੁਲ੍ਹਾ ਭੰਡੀ-ਪਰਚਾਰ ਕਰਦੇ ਹਨ । 'ਧਰਮ ਸਿਆਸਤ ਸਾਂਝੀ' ਦੇ ਬੁਰਕੇ ਵਿਚ ਧਾਰਮਕ ਅਸੂਲਾਂ ਦੀ ਮਿਟੀ ਪਲੀਤ ਕੀਤੀ ਜਾ ਰਹੀ ਹੈ । ਸਿਖ ਧਰਮ ਆਦਰਸ਼ਕ ਸਿਧਾਂਤਾਂ ਦੇ ਅਧਾਰ ਤੇ ਵਿਸ਼ਵ ਦਾ ਧਰਮ ਹੈ, ਪਰ ਧਰਮ-ਹੀਣ ਤੇ ਕੁਟਲ ਸਿਆਸਤ ਦੀ ਭਿਆਲੀ ਕਾਰਨ ਆਪਣੀ ਜਨਮ ਭੂਮੀ ਪੰਜਾਬ ਵਿਚ ਵੀ ਇਸ ਦਾ ਬਲ ਛੁਟ ਗਿਆ ਹੈ । ਖ਼ਾਸ ਕਰਕੇ ਪੰਜਾਬ ਵਿਚ ਪਤਿਤਾਈ ਦਾ ਹੜ੍ਹ ਆ ਗਿਆ ਹੈ । ਕਈ ਜ਼ਿਲਿਆਂ ਵਿਚ ਸ਼ਰਾਬ ਦੀ ਵਰਤੋਂ ਵਿਚ ਸਿਖਾਂ ਦੀ ਗਿਣਤੀ ਬਾਕੀਆਂ ਨਾਲੋਂ ਕਿਤੇ ਵਧ ਗਈ ਹੈ । ਕਾਰਨ ਸਪੱਸ਼ਟ ਹੈ—ਧਰਮ-ਪਰਚਾਰ ਦੀ ਅਣਹੋਂਦ, ਕਿਉਂਕਿ ਸਾਰਾ ਬਲ ਸਿਆਸਤ ਵਿਚ ਲਗ ਰਿਹਾ ਹੈ ।

ਗੁਰਦਵਾਰੇ ਮਨੁਖਤਾ ਲਈ ਜੀਵਨ-ਉਸਾਰੀ ਦੇ ਸੋਮੇ ਹਨ । ਇਹਨਾਂ ਵਿਚੋਂ ਜੇ ਮਨੁਖਤਾ ਨੂੰ ਧਰਮ ਦੇ ਗੁਣ-ਸਦ-ਭਾਵਨਾ ਤੇ ਸ੍ਵੈ-ਤਿਆਗ—ਦਾ ਉਪਦੇਸ਼ ਮਿਲੇ ਤਾਂ ਇਹ ਧਰਤੀ ਸਚਮੁਚ ਸਵਰਗ ਦਾ ਟੁਕੜਾ ਬਣ ਸਕਦੀ ਹੈ । ਪਰ ਅਫਸੋਸ ਇਸ ਗਲ ਦਾ ਹੈ ਕਿ ਇਹਨਾਂ ਉਤੇ ਵੀ ਸਿਆਸਤ ਛਾ ਗਈ ਹੈ । ਇਹਨਾਂ ਨੂੰ ਧੜੇਬਾਜ਼ੀ ਅਤੇ ਚੌਧਰ-ਪ੍ਰਾਪਤੀ ਦੇ ਅੱਡੇ ਬਣਾ ਲਿਆ ਗਿਆ ਹੈ । ਗੁਰਦਵਾਰਿਆਂ ਦੀ ਆਮਦਨ ਧਰਮ-ਪਰਚਾਰ ਤੇ ਵਰਤਣ ਦੀ ਬਜਾਏ ਵਧੇਰੇ ਕਰਕੇ ਪਾਰਟੀ-ਪਰਚਾਰ ਲਈ ਵਰਤੀ ਜਾਂਦੀ ਹੈ ।

"ਮੁਕਦੀ ਗੱਲ ਕੀ, ਸਿਆਸਤ ਧਰਮ ਦੇ ਚੰਦਨ-ਬੂਟੇ ਉਤੇ ਅਮਰ-ਵੇਲ ਵਾਂਗੂ ਛਾ ਗਈ ਹੈ ।"

"ਬਾਪੂ ! ਤੇਰੀਆਂ ਗੱਲਾਂ ਚਾਲੀ ਸੇਰੀਆਂ ਨੇ । ਅਜਿਹੀ ਹਾਲਤ ਵਿਚ ਜੇ ਪੰਥ-ਹਿਤੈਸ਼ੀਆਂ ਵਲੋਂ ਇਸ ਮਸਲੇ ਵਲ ਕੋਈ ਵਿਸ਼ੇਸ਼ ਧਿਆਨ ਨਾ ਦਿਤਾ ਗਿਆ ਤਾਂ ਸਿਆਸਤ ਧਰਮ ਦਾ ਮੂੰਹ ਮੁਹਾਂਦਰਾ ਬਿਲਕੁਲ ਦਾਗੀ ਕਰ ਦੇਵੇਗੀ । ਗੁਰੂ ਮੇਹਰ ਕਰੇ !!!"



www.AKJ.Org

# ਅਬਦਾਲੀ, ਸਿਖ ਤੇ ਵੱਡਾ ਘਲੂਘਾਰਾ (੧੭)

[ ਕੈਪਟਨ ਸਵਰਨ ਸਿੰਘ ਜੀ, ਘੜਿਆਲਾ ]

## ਸਰਹੰਦ ਇਲਾਕੇ ਦੀ ਮਿਸਲਵਾਰ ਵੰਡ

( ਪਿਛੋਂ ਤੋਂ ਅੱਗੇ )

### (੨੪) ਸ: ਬਘੇਲ ਸਿੰਘ ਧਾਲੀਵਾਲ, ਕਰੋੜਾ ਸਿੰਘੀਆ—

ਸ: ਬਘੇਲ ਸਿੰਘ ਕਰੋੜਾ ਸਿੰਘੀਆ ਮਿਸਲ ਦਾ ਪਿੰਡ ਝਬਾਲ, ਜੋ ਸ੍ਰੀ ਅੰਮ੍ਰਿਤਸਰ ਦੇ ਦਖਣ ਵਿਚ ਅੰਮ੍ਰਿਤਸਰ ਖੇਮਕਰਨ ਸੜਕ ਉਤੇ ੧੪ ਕੁ ਮੀਲ ਦੀ ਵਿਥ (੨੦ ਕਿਲੋਮੀਟਰ) ਤੇ ਹੈ ਦੇ ਰਹਿਣ ਵਾਲਾ ਸੀ। ਇਹ ਪਿੰਡ ਲਾਹੌਰ ਤੋਂ ਦਿਲੀ ਨੂੰ ਜਾਣ ਵਾਲੀ ਪੁਰਾਣੀ ਜਰਨੈਲੀ ਸੜਕ, ਜੋ ਨੂਰਦੀ, ਸ੍ਰੀ ਤਰਨ-ਤਾਰਨ ਤੇ ਸ੍ਰੀ ਗੋਇੰਦਵਾਲ ਦੇ ਪਤਣੋਂ ਲੰਘ ਕੇ ਜਾਂਦੀ ਸੀ, ਤੇ ਅੰਮ੍ਰਿਤਸਰ-ਖੇਮਕਰਨ ਵਾਲੀ ਸੜਕ ਦੇ ਆਪੋ ਵਿਚ ਮਿਲਣ ਵਾਲੇ ਥਾਂ ਤੋਂ ਅਧਾ ਕੁ ਕਿਲੋਮੀਟਰ ਚੜ੍ਹਦੇ ਵਾਲੇ ਪਾਸੇ ਹੈ। ਚੋਧਰੀ ਲੰਗਾਹ ਢਿਲੋਂ ਦਾ ਪਿੰਡ ਹੈ। ਇਹ ਪੱਟੀ ਦੇ ਇਲਾਕੇ ਦਾ ਚੌਧਰੀ ਸੀ। ਸ੍ਰੀ ਅੰਮ੍ਰਿਤਸਰ ਉਤੇ ਮੁਗਲੀਆ ਫੌਜ ਦੇ ਆ ਪੈਣ ਕਾਰਨ ਬੀਬੀ ਵੀਰੋ ਜੀ ਦੇ ਫੇਰੇ ਵੀ ਏਸੇ ਦੇ ਘਰ ਏਸੇ ਪਿੰਡ ਵਿਚ ਹੋਏ ਸਨ। ਸੂਬੇਦਾਰ ਮੁਹੰਮਦ ਅਸਲਮ ਖ਼ਾਨ ਦੇ ਵੇਲੇ ਜਦ ਸ: ਕਪੂਰ ਸਿੰਘ ਨੂੰ ਨਵਾਬੀ ਦਿਤੀ ਗਈ ਸੀ ਤਾਂ ਜਗੀਰ ਵਿਚ ਇਹ ਪਿੰਡ ਝਬਾਲ, ਕੰਗਣਪੁਰ ਤੇ ਦਿਪਾਲਪੁਰ ਵੀ ਨਾਲ ਮਿਲੇ ਸਨ। ਭਾਈ ਗੁਰਦਾਸ ਜੀ ਨੇ ਵੀ ਜ਼ਿਕਰ ਕੀਤਾ ਹੈ 'ਪੱਟੀ ਅੰਦਰ ਚੋਧਰੀ ਢਿਲੋਂ ਲਾਲ ਲੰਗਾਹ ਸੁਹੰਦਾ।'' ਝਬਾਲ ਨੂੰ ਮਾਣ ਹੈ ਕਿ ਚੌਧਰੀ ਲੰਗਾਹ, ਮਾਈ ਭਾਗੋ, ਸਰਦਾਰ ਬਘੇਲ ਸਿੰਘ ਅਤੇ ਸਰਦਾਰ ਖਜ਼ਾਨ ਸਿੰਘ ਉਸ ਦੀ ਗੋਦ ਵਿਚ ਜੰਮੇ-ਪਲੇ ਸਨ। ਸ: ਬਘੇਲ ਸਿੰਘ ਨੇ ਥੋੜੇ ਜਿਹੇ ਅਸਵਾਰਾਂ ਨਾਲ ਮੱਲਾਂ ਮਲਣੀਆਂ ਸ਼ੁਰੂ ਕੀਤੀਆਂ ਸਨ। ਇਸ ਨੇ ਬੜੀ ਤੇਜ਼ੀ ਨਾਲ ਆਪਣੀ ਤਾਕਤ ਨੂੰ ਵਧਾਇਆ। ਸਰਹੰਦ ਦੀ ਫਤਿਹ ਪਿਛੋਂ ਇਸ ਨੇ ਖੁਰਦੀਨ, ਕਿਨੌਰੀ, ਜਮਈਅਤ ਨਗਰ ਅਤੇ ਛਲੌਂਦੀ ਦੇ ਇਲਾਕੇ ਨੂੰ ਨੱਪ ਲਿਆ ਤੇ ਛਲੌਂਦੀ ਨੂੰ ਆਪਣਾ ਸਦਰ ਮੁਕਾਮ ਬਣਾ ਲਿਆ। ਇਸ ਇਲਾਕੇ ਵਿਚੋਂ ਇਸ ਨੂੰ ਤਿੰਨ ਲੱਖ ਦੀ ਸਲਾਨਾ ਆਮਦਨ ਹੁੰਦੀ ਸੀ।*

[ਲਾਡਵੇ ਦਿਆਂ ਰਾਜਿਆਂ ਤੇ ਥਾਨੇਸਰ ਦਿਆਂ ਸਰਦਾਰਾਂ ਨੇ ਜੋ ਇਲਾਕੇ ਆਪਣੀਆਂ ਮੇਰਾਂ ਵਿਚ ਕੀਤੇ ਸਨ, ਉਹ ਅਸਲ ਵਿਚ ਦਿਲੀ ਦੇ ਸੂਬੇ ਦਾ ਹੀ ਹਿੱਸਾ ਸਨ। ਨਰਵਾਣੇ ਤੇ ਜੀਂਦ ਦੇ ਮੌਜੂਦਾ ਤਲਕੇ ਹਿਸਾਰ ਸਰਕਾਰ ਦੇ ਪਰਗਣੇ ਸਨ। ਸਫ਼ੀਦੋਂ ਦਾ ਪਰਗਣਾ ਦਿਲੀ ਦੀ ਸਰਕਾਰ ਦਾ ਹਿਸਾ ਸੀ। ਇੰਦਰੀ (ਇੰਧਰੀ) ਸਹਾਰਨਪੁਰ ਸਰਕਾਰ ਦਾ ਇਲਾਕਾ ਸੀ। ਸਹਾਰਨਪੁਰ ਦੀ ਹਦ ਜਮਨਾ ਤਕ ਸੀ, ਜੋ ਇਸ ਤੋਂ ਪਹਿਲਾਂ ਨਹਿਰ ਦੇ ਦਖਣੀ ਕੰਢੇ ਤਕ ਫੈਲੀ ਹੋਈ ਸੀ। ਥਾਨੇਸਰ ਤੇ ਸ਼ਾਹਬਾਦ ਵੀ ਸਮਾਣੇ ਤੇ ਸੁਨਾਮ ਵਾਂਗ ਹੀ ਸਰਹੰਦ ਦੀ ਸਰਕਾਰ ਦੇ ਸ਼ਾਹੀ ਪਰਗਣੇ ਸਨ। (ਸ਼ਾਹੀ ਇਲਾਕੇ ਨੂੰ) ਖਾਲਸਾ ਵੀ ਕਿਹਾ ਜਾਂਦਾ ਸੀ]

ਕਰਨਾਲ ਗਜ਼ਟੀਅਰ, ਪੰ: ੪੦

### (੨੫) ਨੌਧ ਸਿੰਘ ਕਰੋੜਾ ਸਿੰਘੀਆ—

ਸ: ਨੌਧ ਸਿੰਘ ਵੀ ਕਲਸੀਆ ਪਿੰਡ ਦਾ ਹੀ ਵਸਨੀਕ ਸੀ। ਇਹ ਕਰੋੜਾਸਿੰਘੀਆ ਮਿਸਲ ਦੇ ਉਘੇ ਤੇ ਮੁਖੀ ਸਰਦਾਰਾਂ ਵਿਚੋਂ ਸੀ। ਰਾਹ ਮੱਲ ਕੇ ਧਾੜੇ ਮਾਰਨ ਤੋਂ ਉਠ ਕੇ ਇਸ ਨੇ ਆਪਣੀ ਕਮਾਨ ਹੇਠ ੨੦੦ ਅਸਵਾਰ ਕਰ ਲਏ ਸਨ। ਇਸ ਨੇ ਪਰਗਣਾ ਲੇਡਾ ਆਪਣੀ ਸਰਦਾਰੀ ਵਿਚ ਕਰ ਲਿਆ ਸੀ। ਇਹ ਅਜ ਤਕ ਇਸ ਦੀ ਔਲਾਦ ਪਾਸ ਚਲਿਆ ਆਉਂਦਾ ਹੈ।†

### (੨੬) ਦੀਵਾਨ ਸਿੰਘ ਡੱਲੇਵਾਲੀਆ—

ਸ: ਦੀਵਾਨ ਸਿੰਘ ਲੰਬਾ, ਸ੍ਰੀ ਅੰਮ੍ਰਿਤਸਰ ਦੇ ਕੋਲ ਪਿੰਡ ਬਸੀ ਦੇ ਰਹਿਣ ਵਾਲਾ ਸੀ, ਤੇ ਜ਼ਾਤ ਦਾ ਕਲਾਲ ਸੀ। ਇਹ ਡੱਲੇਵਾਲੀਆ ਮਿਸਲ ਦਾ ਜੋੜ

---

* ਸ: ਰਤਨ ਸਿੰਘ ਭੰਗੂ — ਪ੍ਰਾਚੀਨ ਪੰਥ ਪ੍ਰਕਾਸ਼, ਪਹਿਲੀ ਐਡੀਸ਼ਨ ਪੰਨਾ ੫੩੯;
ਗਿ: ਗਿਆਨ ਸਿੰਘ—ਰਾਜ ਖਾਲਸਾ, ਪੰਨਾ ੩੩

† ਰਾਧਾ ਕਿਸ਼ਨ—ਗੋਸ਼ਾ-ਏ-ਪੰਜਾਬ ਪੰਨਾ ੩੯;
ਚੀਫਸ ਐਂਡ ਫ਼ੈਮਿਲੀਜ਼ ਆਫ ਨੋਟ, ਸਫਾ ੨੨੫-੨੬



www.AKJ.Org

ਸੀ। ਇਸ ਨੇ ਜ਼ਿਲਾ ਅੰਬਾਲਾ ਵਿਚ ਸਿਕੰਦਰਾਹ, ਸਰਾਂ, ਅਕਾਲ ਗੜ੍ਹ ਤੇ ਬਰਾੜ ਦੇ ਪਰਗਣੇ ਆਪਣੀ ਮਾਲਕੀ ਹੇਠ ਕਰ ਲਏ।†

## (੨੭) ਗੁਰਬਖਸ਼ ਸਿੰਘ ਸ਼ਹੀਦ–

ਸ: ਗੁਰਬਖਸ਼ ਸਿੰਘ ਦਾ ਪਿੰਡ ਤਹਿਸੀਲ ਤਰਨਤਾਰਨ ਜ਼ਿਲਾ ਸ੍ਰੀ ਅੰਮ੍ਰਿਤਸਰ ਵਿਚ ਗਗੋ ਬੂਹਾ ਹੈ। ਇਹ ਉਹੋ ਪਿੰਡ ਹੈ ਜਿਥੋਂ ਦੇ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ ਕਰਕੇ ਜਾਣੇ ਜਾਂਦੇ ਹਨ। ਇਹ ਪਿੰਡ ਅੰਮ੍ਰਿਤਸਰ-ਖੇਮ ਕਰਨ ਸੜਕ ਤੇ ਝਬਾਲੋਂ ਅਗੇ ੫-੬ ਮੀਲ ਦੀ ਵਿਥ ਤੇ ਝਬਾਲ-ਭਿਖੀਵਿੰਡ ਦੇ ਵਿਚਕਾਰ ਹੈ ਤੇ ਸੜਕੋਂ ਝਬਾਲ ਜਿੰਨੀ ਦੂਰ, ਲਹਿੰਦੇ ਪਾਸੇ ਹੈ। ਸ: ਗੁਰਬਖਸ਼ ਸਿੰਘ ਸ਼ਹੀਦ ਮਿਸਲ ਦਿਆਂ ਸਿਰਕਢ ਆਗੂਆਂ ਵਿਚੋਂ ਸੀ। ਇਸ ਨੇ ਮਾਰਕੰਡਾ ਨਦੀ ਦੀ ਬੇਟ ਵਿਚ ਕਾਫੀ ਪਿੰਡ ਰੋਕ ਲਏ ਤੇ ਤੰਗੌਰ ਨੂੰ ਆਪਣਾ ਕੇਂਦਰ ਬਣਾ ਕੇ ਇਨ੍ਹਾਂ ਪਿੰਡਾਂ ਦਾ ਬੰਦੋਬਸਤ ਸ਼ੁਰੂ ਕਰ ਦਿਤਾ। ਇਸ ਦੀ ਸੰਤਾਨ ਅਜੇ ਤਕ ਏਥੇ ਕਾਬਜ਼ ਚਲੀ ਆਉਂਦੀ ਹੈ।‡

## (੨੮) ਸ: ਮਿਹਰ ਸਿੰਘ ਨਿਰਮਲਾ–

ਸ: ਮਿਹਰ ਸਿੰਘ ਸੰਧੂ ਗੋਤਰ ਦਾ ਜੱਟ ਸੀ ਤੇ ਨਿਸ਼ਾਨ ਵਾਲਾ ਮਿਸਲ ਨਾਲ ਸੰਬੰਧਤ ਸੀ। ਇਸ ਨੇ ਬੜੀ ਦੂਰ-ਅੰਦੇਸ਼ੀ ਕੀਤੀ ਤੇ ਜ਼ਿਆਦਾ ਇਲਾਕਾ ਸਰਹੰਦੋਂ ਦਿਲੀ ਨੂੰ ਜਾਣ ਵਾਲੀ ਜਰਨੈਲੀ ਸੜਕ ਦੇ ਨਾਲ ਲਗਵਾਂ ਹੀ ਮੱਲਣ ਦੀ ਕੋਸ਼ਿਸ਼ ਕੀਤੀ। ਇਸ ਨੇ ਅੰਬਾਲੇ ਤੋਂ ਦਖਣ ਵਿਚ ੨੦ ਮੀਲ ਦੂਰ ਜ਼ਿਲਾ ਥਾਨੇਸਰ ਦੇ ਪਰਗਣੇ ਸ਼ਾਹਬਾਦ ਤੇ ਇਸਮਾਈਲਾਬਾਦ ਆਪਣੇ ਤਹਿਤ ਵਿਚ ਕਰ ਲਏ।*

† ਬੂਟੇ ਸ਼ਾਹ (ਗ਼ੁਲਾਮ ਮੁਹੱਈਉ'ਦੀਨ)—ਤਾਰੀਖੇ-ਏ-ਪੰਜਾਬ—੨੬੨ ਅ—੨੬੩ ੳ; ਸਰੂਪ ਲਾਲ—ਤਾਰੀਖ਼-ਏ-ਸਿਖਾਂ (ਉਰਦੂ), ਸਫਾ ੩੯; ਜਲੰਧਰ ਸੈਟਿਲਮੈਂਟ ਰਿਪੋਰਟ—੧੮੯੨, ਸਫਾ ੩੭

‡ ਚੀਫਸ ਐਂਡ ਫ਼ੈਮਿਲੀਜ਼ ਆਫ਼ ਨੋਟ, ਪੰ: ੨੧੭-੧੯।

* ਬੂਟੇ ਸ਼ਾਹ—ਤਾਰੀਖ-ਏ-ਪੰਜਾਬ, ਸਫਾ ੨੭੨ ਅ, ੨੭੪ੳ; ਖੁਸ਼ਵਕਤ ਰਾਏ—ਕਿਤਾਬ-ਏ-ਤਾਰੀਖ-ਏ-ਪੰਜਾਬ, ਪੰਨਾ ੧੮੫; ਮੁਫ਼ਤੀ ਅਲੀਉੱਦੀਨ—ਇਬਰਤਨਾਮਾ, ਸਫ਼ਾ ੧੨੬ ੳ; ਸਰੂਪ ਲਾਲ—ਤਾਰੀਖ-ਏ-ਸਿਖਾਂ, ਸਫਾ ੫੮, ੧੪੭; ਚੀਫ਼ਸ ਐਂਡ ਫ਼ੈਮਲੀਜ਼ ਆਫ ਨੋਟ, ਸਫ਼ਾ ੨੧੬।

## (੨੯) ਸ: ਸਾਵਣ ਸਿੰਘ–

ਨਿਸ਼ਾਨ ਵਾਲਾ ਮਿਸਲ ਦੇ ਬੜੇ ਪਰਸਿਧ ਸਰਦਾਰ ਹੋਏ ਹਨ ਸ: ਦਸੌਂਧਾ ਸਿੰਘ ਅਤੇ ਸ: ਸੰਗਤ ਸਿੰਘ। ਸ: ਸਾਵਣ ਸਿੰਘ ਇਨ੍ਹਾਂ ਦਾ ਚਚੇਰਾ ਭਾਈ ਸੀ। ਇਸ ਨੇ ਭੀ ਚੰਗੇ ਹੱਥ ਮਾਰੇ ਤੇ ਬਹੁਤ ਸਾਰੇ ਪਿੰਡ ਮਾਰ ਲਏ। ਇਨ੍ਹਾਂ ਵਿਚ ਇਕ ਉਘਾ ਪਿੰਡ ਸੋਂਟੀ ਸੀ। ਇਸ ਨੇ ਇਨ੍ਹਾਂ ਪਿੰਡਾਂ ਦੀ ਪਕਿਆਈ ਲਈ ਇਸ ਪਿੰਡ ਵਿਚ ਰਿਹਾਇਸ਼ ਰਖ ਲਈ। ਇਸ ਦੀ ਆਲ-ਔਲਾਦ ਜ਼ਿਲਾ ਫੀਰੋਜ਼ਪੁਰ ਵਿਚ ਪਿੰਡ ਮਨਸੂਰਵਾਲਾ ਵਿਚ ਅਜੇ ਤਕ ਵਸਦੀ ਆ ਰਹੀ ਹੈ।*

## (੩੦) ਤਾਰਾ ਸਿੰਘ ਗ਼ੈਬਾ–

ਡੱਲੇ ਵਾਲੀਆ ਮਿਸਲ ਦਾ ਪਰਸਿਧ ਆਗੂ, ਦੁਸ਼ਮਣਾਂ ਲਈ ਅਜ਼ਲ ਦਾ ਸਾਕਸ਼ਾਤ ਰੂਪ, ਵੈਰੀ ਦਲਾਂ ਵਿਚ ਕਿਆਮਤ ਮਚਾ ਦੇਣ ਵਾਲਾ, ਰਣ ਵਿਚ ਐਸੇ ਐਸੇ ਦਾਅ-ਪੇਚ ਮਾਰਨ ਵਾਲਾ ਕਿ ਦੁਸ਼ਮਣ ਇਸ ਨੂੰ ਅਗੰਮੀ ਅਫ਼ਾਤ ਸਮਝਿਆ ਕਰਦੇ ਸਨ (ਪਤਾ ਨਹੀਂ ਸੀ ਲਗਦਾ ਹੁੰਦਾ ਕਿ ਇਸ ਨੇ ਕਿਧਰੋਂ ਪੈਣਾ ਹੈ। ਦੁਸ਼ਮਣ ਨੂੰ ਸੰਭਲਣ ਤੋਂ ਪਹਿਲਾਂ ਪਹਿਲਾਂ ਹੀ ਐਸੇ ਆਹੂ ਲਾਹੁਣੇ ਕਿ ਸਫ਼ਾਂ ਦੀਆਂ ਸਫ਼ਾਂ ਦੇ ਸੱਥਰ ਵਿਛ ਜਾਣੇ। ਇਸੇ ਖ਼ੂਬੀ ਕਰਕੇ ਹੀ ਆਪਣੇ ਪਰਾਏ ਸਭ ਇਸ ਨੂੰ ਗ਼ੈਬਾ ਕਿਹਾ ਕਰਦੇ ਸਨ। ਗ਼ੈਬਾ ਲਫ਼ਜ਼ ਅਰਬੀ ਦੇ ਲਫ਼ਜ਼ ਗ਼ਾਇਬ ਤੋਂ ਹੈ–'ਛੁਪਿਆ ਹੋਇਆ'। ਜ਼ਾਹਿਰ ਵੀ ਜਦ ਹੋਵੇ ਤਾਂ ਪਤਾ ਨਾ ਲੱਗੇ ਕਿ ਕਿਧਰੋਂ ਆਇਆ ਤੇ ਕਿਧਰ ਨੂੰ ਗਿਆ।) ਇਹ ਰਾਹੋਂ ਦੇ ਰਹਿਣ ਵਾਲਾ ਸੀ। ਇਸ ਨੇ ਆਪਣੀਆਂ ਮੱਲਾਂ ਨੂੰ ਏਨਾ ਵਧਾਇਆ ਕਿ ਮੋਗਾ ਤਹਿਸੀਲ ਵਿਚ ਰਾਮੂਵਾਲਾ ਤੇ ਮਾੜੀ ਤੱਕ ਦੇ ਉਘੇ ਪਿੰਡ ਇਸ ਦੀ ਹਦਬੰਦੀ ਵਿਚ ਸਨ। ਇਸ ਨੇ ਇਨ੍ਹਾਂ ਦੋਹਾਂ ਪਿੰਡਾਂ ਵਿਚ ਕਿਲ੍ਹੇ ਵੀ ਬਣਵਾਏ ਸਨ।

## (੩੧) ਗੁੱਜਰ ਸਿੰਘ ਭੰਗੀ–

ਗੁਜਰ ਸਿੰਘ ਭੰਗੀ ਵੀ ਆਪਣੇ ਸਮੇਂ ਦਿਆਂ ਤਕੜਿਆਂ ਖਾੜਕੂਆਂ ਵਿਚੋਂ ਇਕ ਸੀ। ਇਸ ਨੇ

* ਚੀਫਸ ਐਂਡ ਫ਼ੈਮਿਲੀਜ਼ ਆਫ਼ ਨੋਟ, ਸਫ਼ਾ ੨੮੬।



www.AKJ.Org

ਆਪਣੇ ਭਰਾ ਨੁਸਬਾਹਾ ਸਿੰਘ ਤੇ ਦੋ ਭਤੀਜਿਆਂ ਗੁਰਬਖਸ਼ ਸਿੰਘ ਅਤੇ ਮਸਤਾਨ ਸਿੰਘ ਨੂੰ ਨਾਲ ਮਿਲਾ ਕੇ ਫ਼ੀਰੋਜ਼ਪੁਰ ਦਾ ਇਲਾਕਾ ਰੋਕ ਕੇ ਆਪਣੇ ਤਹਿਤ ਵਿਚ ਕਰ ਲਿਆ। ਇਨ੍ਹਾਂ ਦੇ ਜੁਟ ਵਿਚੋਂ ਇਕ ਜੈ ਸਿੰਘ ਘਾਰੀਆ ਸੀ. ਉਸ ਨੇ ਫੀਰੋਜ਼ਪੁਰੋਂ ਅੱਗੇ ਹੋ ਕੇ ਖਾਈ,ਵਾਣ,ਬਜੀਦਪੁਰ, ਜੋ ਫ਼ੀਰੋਜ਼ਪੁਰ ਦੇ ਨਾਲ ਨਾਲ ਹੀ ਹਨ, ਜਾ ਰੋਕੇ ਅਤੇ ਪਰਬੰਧ ਲਈ ਆਪਣੇ ਮਾਤਹਿਤਾਂ ਦੇ ਹਵਾਲੇ ਕਰ ਦਿਤੇ। ਏਸ ਸਮੇਂ ਫੀਰੋਜ਼ਪੁਰ ਦੇ ਇਲਾਕੇ ਵਿਚ ਸਭੋ ੩੭ ਹੀ ਪਿੰਡ ਸਨ।*

## (੩੨) ਜੀਵਨ ਮੱਲ–

ਜੀਵਨ ਮੱਲ ਸੋਢੀ ਖਤਰੀ ਸੀ ਤੇ ਸਾਹਿਬ ਗੁਰੂ ਰਾਮਦਾਸ ਜੀ (ਚੌਥੀ ਪਾਤਸ਼ਾਹੀ) ਦਾ ਸਤਵੀਂ ਪੀੜ੍ਹੀ ਵਿਚ ਪੋਤਰਾ (ਪ੍ਰਿਥਵੀ ਚੰਦ ਵਾਲੇ ਪਾਸਿਓਂ) ਲਗਦਾ ਸੀ। ਇਹ ਜ਼ਿਲਾ ਫ਼ੀਰੋਜ਼ਪੁਰ ਦੀ ਤਹਿਸੀਲ ਮੁਕਤਸਰ ਵਿਚ ਆ ਨਿਕਲਿਆ ਅਤੇ ਕਾਫ਼ੀ ਸਾਰਾ ਬੰਜਰ ਤੇ ਗੈਰ ਆਬਾਦ ਇਲਾਕਾ ਮੱਲ ਕੇ ਬੈਠ ਗਿਆ। ਇਸ ਇਲਾਕੇ ਵਿਚ ਇਸ ਨੇ ਸਹਿਜੇ ਸਹਿਜੇ ਕਈ ਨਿਕੇ ਨਿਕੇ ਪਿੰਡ ਆਬਾਦ ਕੀਤੇ। ਆਪਣੇ ਵੱਡੇ ਪੁਤਰ ਦੇ ਨਾਂ ਉਤੇ ਇਸ ਸਾਰੇ ਇਲਾਕੇ ਦਾ ਨਾਂ ਗੁਰੂ ਹਰਿ ਸਹਾਏ ਰਖਿਆ। ਅਜੇ ਤਕ ਇਸ ਦੀ ਆਲ ਔਲਾਦ ਇਸ ਇਲਾਕੇ ਵਿਚ ਬੜੀ ਤਕੜੀ ਜਗੀਰ ਦੀ ਮਾਲਕ ਚਲੀ ਆਉਂਦੀ ਹੈ।†

## (੩੩) ਫੂਲਕੀਆਂ ਮਿਸਲ ਦਿਆਂ ਦੂਜਿਆਂ ਰਾਜਿਆਂ ਦੀਆਂ ਮੱਲਾਂ–

ਬਾਬਾ ਆਲਾ ਸਿੰਘ ਬਾਰੇ ਸਰਹੰਦ ਦੇ ਬਿਆਨ ਵਿਚ ਦਸਿਆ ਗਿਆ ਹੈ ਕਿ ਉਨ੍ਹਾਂ ਇਸ ਮੱਲ-ਮਲਾਈ ਵਿਚ ਕਾਫ਼ੀ ਇਲਾਕਾ ਮੱਲਿਆ ਸੀ। (ਸਰਹੰਦ ਦੀ ਲੜਾਈ ਵੇਲੇ ਬਾਬਾ ਜੀ ਨੇ ਥੋੜੀ ਜਿਹੀ ਫ਼ੌਜ ਘਲੀ ਜ਼ਰੂਰ ਸੀ, ਪਰ ਪਾਲਿਸੀ ਇਹੋ ਜਿਹੀ ਰਖੀ ਸੀ ਕਿ ਸਿੰਘ ਵੀ ਗੁਸੇ ਨਾ ਹੋਏ ਤੇ ਅਹਿਮਦ ਸ਼ਾਹ ਵੀ ਨਾਰਾਜ਼ ਨਾ ਹੋਇਆ। ਇਹ ਕਾਰਨ ਸੀ ਕਿ ਇਲਾਕੇ ਮੱਲਣ ਲੱਗਿਆਂ ਬਾਬਾ ਜੀ ਨੂੰ ਉਨ੍ਹਾਂ ਕੁਝ ਨਹੀਂ ਸੀ ਕਿਹਾ)। ਏਸੇ ਸਮੇਂ ਦੂਜਿਆਂ ਇਲਾਕਿਆਂ ਦੇ ਨਾਲ ਬਾਬਾ ਆਲਾ ਸਿੰਘ ਨੇ ਪਾਇਲ, ਬਸੀ, ਲਥੜਾ ਅਤੇ ਈਸੜੂ ਨੂੰ ਵੀ ਦਬਾ ਲਿਆ ਸੀ।‡ ਇਜ ਹੀ ਰਾਜਾ ਹਮੀਰ ਸਿੰਘ ਨਾਭਾ ਨੇ ਅਮਲੋਹ, ਭਾਦਸੋਂ ਦਿਆਂ ਪਰਗਣਿਆਂ ਦੇ ਨਾਲ ਭਾਗਸੂ ਤੇ ਵਿਰ੍ਹੋ ਨੂੰ ਵੀ ਕਾਬੂ ਕਰ ਲਿਆ ਸੀ।† ਗਜਪਤ ਸਿੰਘ ਨੇ ਜੀਂਦ ਤੇ ਸਫ਼ੀਦੋਂ ਤੋਂ ਬਿਨਾ ਪਾਨੀਪਤ, ਕਰਨਾਲ, ਰੋਹਤਕ ਅਤੇ ਬਜ਼ੀਦਪੁਰ ਤੱਕ ਦੇ ਇਲਾਕੇ ਜਾ ਰੋਕੇ ਸਨ।੦ ਨਿੱਕੀਆਂ ਨਿੱਕੀਆਂ ਮੋਰਾਂ ਤੇ ਮਲਾਂ ਦਾ ਜ਼ਿਕਰ ਛੱਡ ਦਿਤਾ ਗਿਆ ਹੈ।

## *ਇਲਾਕੇ ਜੋ ਸਿੰਘਾਂ ਜਾਣ ਬੁਝ ਕੇ ਛੱਡ ਦਿਤੇ–*

ਸਰਹੰਦ ਦੀ ਫਤਿਹ ਪਿਛੋਂ ਸਿੰਘਾਂ ਬੜੀ ਦੂਰ ਦੂਰ ਤਕ ਕਾਫ਼ੀ ਇਲਾਕੇ ਆਪਣੀਆਂ ਮੋਰਾਂ ਵਿਚ ਕਰ ਲਏ ਸਨ। ਦੁਰਾਨੀਆਂ ਦੀ ਤਾਕਤ ਦੇ ਅਸਰ ਨੂੰ ਬਿਲਕੁਲ ਨਸ਼ਟ ਕਰ ਦਿਤਾ ਗਿਆ ਸੀ। ਦਿਲੀ ਵਿਚ ਏਨੀ ਤਾਕਤ ਨਹੀਂ ਸੀ ਕਿ ਸਿੰਘਾਂ ਨੂੰ ਰੋਕ ਸਕਦੀ। ਪਰ ਫਿਰ ਵੀ ਇਨ੍ਹਾਂ ਰੋਪੜ ਲਾਗੇ ਕੋਟਲਾ ਨਿਹੰਗ ਖਾਨ,† ਮਲੇਰ ਕੋਟਲਾ ਜਿਸ ਵਿਚ ੬੬ ਪਿੰਡ ਸਨ ਤੇ ਇਕ ਲਖ ਦੀ ਸਾਲਾਨਾ ਆਮਦਨ ਹੁੰਦੀ ਸੀ*,ਰਾਏ ਕੋਟ ਜਿਸ ਵਿਚ ਬਹੁਤਾ ਕਰਕੇ ਲੁਧਿਆਣਾ ਤੇ ਜਗਰਾਓਂ ਤਹਿਸੀਲ ਦੇ ਇਲਾਕੇ ਸ਼ਾਮਲ ਸਨ

---

* ਫ਼ੀਰੋਜ਼ਪੁਰ ਗਜ਼ਟੀਅਰ, ਸਫ਼ਾ ੧੬।

† ਚੀਫਸ ਐਂਡ ਫ਼ੈਮਿਲੀਜ਼ ਆਫ਼ ਨੋਟ, ਸਫ਼ਾ ੨੭੩-੭੪

‡ ਗਿ: ਗਿਆਨ ਸਿੰਘ—ਪੰਥ ਪ੍ਰਕਾਸ਼, ਸਫ਼ਾ ੮੫੨।

† ਗਿ: ਗਿਆਨ ਸਿੰਘ—ਪੰਥ ਪ੍ਰਕਾਸ਼, ਸਫ਼ਾ ੮੫੨, ਰਾਜ ਖਾਲਸਾ, ਸਫ਼ਾ ੪੬੬।

੦ ਗਿ: ਗਿਆਨ ਸਿੰਘ—ਪੰਥ ਪ੍ਰਕਾਸ਼ ਸਫ਼ਾ ੮੫੨; ਕਰਨਾਲ ਗਜ਼ਟੀਅਰ—ਸਫ਼ਾ ੩੩, ਇੰਪੀਰੀਅਲ ਗਜ਼ਟੀਅਰ ਆਫ਼ ਇੰਡੀਆ ਪੰਜਾਬ—I, ਸਫ਼ਾ ੩੧੬।

† ਮੁਫ਼ਤੀ ਅਲੀਉੱਦੀਨ—ਇਬਰਤਨਾਮਾ,ਸਫ਼ਾ ੧੨੬ੳ। ਸਰੂਪ ਲਾਲ—ਤਾਰੀਖ-ਏ-ਸਿਖਾਂ, ਸਫ਼ਾ ੧੨੯, ੧੩੪, ੧੩੫, ੧੩੬।

* ਕਲਕਤਾ ਰੀਵੀਊ,II, ਅਕਤੂਬਰ ਦਸੰਬਰ ੧੮੪੪, ਸਫ਼ਾ ੨੦੦।



www.AKJ.Org

ਅਤੇ ਕੁਝ ਹਿਸਾ ਫ਼ੀਰੋਜ਼ਪੁਰ ਦਾ ਵੀ ਸੀ‡, ਕੁੰਜਪੁਰੇ ਦੇ ਪਠਾਣਾਂ ਦੇ ਪੜ ਪਿੰਡ ਜਿਨ੍ਹਾਂ ਵਿਚੋਂ ਅਧੇ ਲਖ ਦੀ ਸਾਲਾਨਾ ਆਮਦਨੀ ਸੀ[], ਮਮਦੋਟ ਜ਼ਿਲਾ ਫ਼ੀਰੋਜ਼ਪੁਰ ਵਿਚ(), ਗਰੀਬ ਦਾਸ ਦੀ ਮਨੀ ਮਾਜਰਾ ਤੇ ਮੁੱਲਾਂਪੁਰ ਦਿਆਂ ਪਰਗਣਿਆਂ ਦੀ ਮੇਰ ਜਿਸ ਵਿਚ ੮੪ ਪਿੰਡ ਸਨ ਤੇ ਪੰਜੌਰ ਦੇ ਕਿਲ੍ਹੇ ਤਕ ਜੋ ਉਸ ਨੇ ਪਿਛੋਂ ਕਬਜ਼ੇ ਕਰ ਲਿਆ੦, ਨੂੰ ਨਹੀਂ ਛੇੜਿਆ। ਇਨ੍ਹਾਂ ਪਾਸੋਂ ਸਿਰਫ਼ ਬਾਜਗੁਜਾਰੀ (ਸਿੰਘ ਇਸ ਨੂੰ ਰਾਖੀ ਕਿਹਾ ਕਰਦੇ ਸਨ) ਲਈ ਜਾਂਦੀ ਸੀ। ਇਲਾਕੇ ਜਿਉਂ ਦੇ ਤਿਉਂ ਇਨ੍ਹਾਂ ਪਾਸ ਹੀ ਰਹਿਣ ਦਿਤੇ ਗਏ।*

## ਕਾਰਨ–

ਇਹ ਸਭ ਕੁਝ ਭਲੀ ਭਾਂਤ ਸਮਝਣ ਲਈ ਏਥੇ ਇਕ ਗੱਲ ਖਾਸ ਤੌਰ ਤੇ ਧਿਆਨ ਵਿਚ ਲਿਆਉਣੀ ਪਵੇਗੀ। ਉਹ ਇਹ ਹੈ ਕਿ ਸਿੰਘਾਂ ਦੁਰਾਨੀਆਂ ਦਾ ਜ਼ੋਰ ਤੋੜ ਕੇ ਉਨ੍ਹਾਂ ਤੋਂ ਸਰਹੰਦ ਖੋਹ ਕੇ ਆਜ਼ਾਦ ਕਰਾ ਲਈ ਸੀ। ਦੁਰਾਨੀਆਂ ਨਾਲ ਟੱਕਰ ਰਾਜਸੀ ਸੀ, ਧਾਰਮਿਕ ਨਹੀਂ ਸੀ। ਸਿੰਘਾਂ ਦੀ ਇਹ ਮੁਹਿੰਮ ਗ਼ੈਰ-ਮੁਲਕੀ ਜਾਬਰਾਂ ਦੇ ਖ਼ਿਲਾਫ਼ ਸੀ, ਤਾਕਿ ਉਨ੍ਹਾਂ ਨੂੰ ਹਿੰਦੁਸਤਾਨ ਵਿਚੋਂ ਉਖੇੜ ਕੇ ਕੱਢ ਦਿਤਾ ਜਾਵੇ। ਇਹ ਮੁਸਲਮਾਨੀ ਹਕੂਮਤ ਜਾਂ ਮੁਸਲਮਾਨਾਂ ਦੇ ਵਿਰੁਧ ਇਸ ਕਰਕੇ ਉਕੀ ਨਹੀਂ ਸੀ ਕਿ ਉਹ ਮੁਸਲਮਾਨ ਸਨ। ਜੇ ਮੁਸਲਮਾਨ ਕਰਕੇ ਉਨ੍ਹਾਂ ਦੇ ਖ਼ਿਲਾਫ਼ ਹੁੰਦੀ ਤਾਂ ਉਤੇ ਦਸੇ ਗਏ ਇਲਾਕੇ ਤੁਰੰਤ ਖੋਹ ਲਏ ਜਾਂਦੇ। ਜਿਥੇ ਜ਼ੈਨ ਖ਼ਾਨ ਵਰਗੇ ਸਿੰਘਾਂ ਦੀ ਤੇਗ ਦੀ ਝਾਲ ਨਾ ਝਲ ਸਕੇ, ਇਹ ਵਿਚਾਰੇ ਕਿਸ ਖੇਤ ਦੀ ਮੂਲੀ ਸਨ। ਇਨ੍ਹਾਂ ਨੂੰ ਕੁਝ ਕਹਿਣ ਦੀ ਬਜਾਏ ਕੁਝ ਗੱਲਾਂ ਯਾਦ ਰਖਦਿਆਂ ਹੋਇਆਂ ਇਨ੍ਹਾਂ ਨੂੰ ਇੰਜ ਹੀ ਬਣੇ ਰਹਿਣ ਦਿਤਾ। ਇਹ ਸਭ ਕੁਝ ਜਾਣਨ ਲਈ ੬੦ ਕੁ ਸਾਲ ਪਿਛਾਂਹ ਜਾਣਾ ਪਵੇਗਾ।

ਸ੍ਰੀ ਦਸਮੇਸ਼ ਜੀ ਅਨੰਦਪੁਰ ਸਾਹਿਬ ਨੂੰ ਛੱਡ ਕੇ ਜਦ ਨਿਕਲੇ ਤਾਂ ਸਰਸਾ ਨਦੀ ਆਪ ਜੀ ਤੇ ਸਿੰਘਾਂ ਲਈ ਦੁਖਾਂ ਮੁਸੀਬਤਾਂ ਦਾ ਦਰਿਆ ਬਣ ਗਈ। ਇਸ ਨਦੀ ਦੀਆਂ ਮੁਸੀਬਤਾਂ ਝਾਗ ਕੇ ਜਦ ਰੋਪੜ ਆਏ ਤਾਂ ਆਪ ਦਾ ਇਰਾਦਾ ਸੀ ਕਿ ਏਥੋਂ ਦੇ ਪਠਾਣਾਂ ਦੀ ਹਵੇਲੀ ਲੈ ਕੇ ਵੈਰੀ ਨਾਲ ਜ਼ਰਾ ਡੱਟ ਕੇ ਟਾਕਰਾ ਕੀਤਾ ਜਾਵੇ। ਇਹ ਪਠਾਣ ਜਿਨ੍ਹਾਂ ਤੇ ਕਲਗੀਧਰ ਪਾਤਸ਼ਾਹ ਦੇ ਬੜੇ ਅਹਿਸਾਨ ਸਨ ਤੇ ਜਿਨ੍ਹਾਂ ਨੂੰ ਅਨੰਦਪੁਰ ਸਾਹਿਬ ਮਿਲਣ ਆਇਆਂ ਨੂੰ ਬੜੇ ਭਾਰੇ ਭਾਰੇ ਸਰੋਪੇ ਦੇ ਕੇ ਨਿਵਾਜਿਆ ਕਰਦੇ ਸਨ। ਬੜੇ ਅਹਿਸਾਨ-ਫ਼ਰਾਮੋਸ਼ ਤੇ ਬੇਗੁਣੇ ਨਿਕਲੇ। ਹਵੇਲੀ ਦੇਣੋਂ ਇਨਕਾਰ ਕਰ ਦਿਤਾ। ਏਥੇ ਹੀ ਬਸ ਨਹੀਂ ਕੀਤੀ, ਜਦੋਂ ਸ੍ਰੀ ਦਸਮੇਸ਼ ਜੀ ਚਮਕੌਰ ਚਲੇ ਗਏ ਤਾਂ ਪਿਛੋਂ ਜੋ ਸਿੰਘ ਆਏ, ਉਨ੍ਹਾਂ ਨੂੰ ਇਹ ਹਮਦਰਦੀ ਵਿਖਾ ਕੇ ਆਪਣੀ ਹਵੇਲੀ ਵਿਚ ਲਿਜਾ ਕੇ ਕਤਲ ਕਰ ਦੇਂਦੇ ਰਹੇ।

ਰੋਪੜ ਦੇ ਨਾਲ ਹੀ ਕੋਟਲਾ ਨਿਹੰਗ ਖਾਨ ਹੈ। ਏਥੋਂ ਦੇ ਪਠਾਣਾ ਉਤੇ ਵੀ ਸ੍ਰੀ ਦਸਮੇਸ਼ ਜੀ ਦੇ ਬੇਸ਼ੁਮਾਰ ਅਹਿਸਾਨ ਸਨ। ਜਦ ਪਾਤਿਸ਼ਾਹ ਰੋਪੜੋਂ ਕੋਟਲੇ ਵੱਲ ਗਏ ਤਾਂ ਇਹਨਾਂ ਅਗੇ ਹੋ ਕੇ ਅਗਵਾਈ ਕੀਤੀ ਤੇ ਬੜੀ ਇਜ਼ਤ ਕੀਤੀ। ਨਾਲ ਹੀ ਕਿਹਾ ਕਿ ਸ਼ਹਿਨਸ਼ਾਹ ਜੀ ਸਭ ਕੁਝ ਤੁਹਾਡਾ ਹੈ। ਸਾਡੀ ਹਵੇਲੀ ਹਾਜ਼ਰ ਹੈ: ਪਰ ਹਵੇਲੀ ਲੜਾਈ ਦੇ ਢੰਗ ਦੀ ਨਾ ਹੋਣ ਕਰਕੇ ਆਪ ਚਮਕੌਰ ਵਲ ਨੂੰ ਹਟ

‡ ਲੁਧਿਆਣਾ ਗਜ਼ਟੀਅਰ ੧੮੮੯-੮੯ ਸਫ਼ਾ ੧੧੨; ਇੰਪੀਰੀਅਲ ਗਜ਼ਟੀਅਰ ਆਫ਼ ਇੰਡੀਆ ਪੰਜਾਬ I ਸਫ਼ਾ ੪੨੬।

[]ਕਲਕੱਤਾ ਰੀਵੀਊ II ਅਕਤੂਬਰ-ਦਸੰਬਰ ੧੮੪੪ ਸਫ਼ਾ ੨੦੦।

()ਸਰੂਪ ਲਾਲ—ਤਾਰੀਖ-ਏ-ਸਿਖਾਂ ਸਫ਼ਾ ੧੨੯; ੧੩੪, ੧੩੫, ੧੩੬।

੦ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਸਥਾਪਤੀ ਤੋਂ ਪਿਛੋ ਜਦ ਸਤਲੁਜੋਂ ਪੂਰਬ ਦੀਆਂ ਰਿਆਸਤਾਂ ਸਮੇਤ ਫੂਲਕਿਆਂ ਦੇ (ਜੋ ੧੯੪੭ ਦੀ ਵੰਡ ਪਿਛੋਂ ਪੈਪਸੂ ਬਣਿਆ) ਜਦ ਅੰਗਰੇਜ਼ ਦੀ ਝੋਲੀ ਵਿਚ ਜਾ ਡਿਗੀਆਂ ਤਾਂ ਗਵਰਨਰ ਜਨਰਲ ਸ਼ਿਮਲੇ ਨੂੰ ਜਾਂਦਾ ਹੋਇਆ ਪੰਜੌਰ ਦੇ ਮੁਕਾਮ ਤੇ ਪੜਾ ਕਰਿਆ ਕਰਦਾ ਹੁੰਦਾ ਸੀ। ਇਹ ਸਿਲਸਿਲਾ ਸਿਮਲਾ-ਕਾਲਕਾ ਰੇਲ ਜੋ ੧੮੨੭ ਵਿਚ ਬਣੀ, ਤਕ ਜਾਰੀ ਰਿਹਾ। ਸਰੂਪ ਲਾਲ—ਦਸਤੂਰਉਲ ਅਮਲ ਮੁਲਕ-ਏ-ਮਹਿਫੂਜ਼, ਸਫ਼ਾ ੩੦੨; ਅੰਬਾਲਾ ਗਜ਼ਟੀਅਰ ਸਫ਼ਾ ੭੮।

* ਬ: ਰਤਨ ਸਿੰਘ ਭੰਗੂ—ਪ੍ਰਾਚੀਨ ਪੰਥ ਪ੍ਰਕਾਸ਼ ਸਫ਼ਾ੫੦੯



www.AKJ.Org

ਗਏ। ਪਿਛੋਂ ਜੋ ਵੀ ਜ਼ਖਮੀ ਸਿੰਘ ਆਇਆ, ਕੋਟਲੇ ਵਾਲਿਆਂ ਪਨਾਹ ਦਿਤੀ ਤੇ ਦਵਾ ਦਾਰੂ ਕੀਤਾ। ਜਦ ਫਟੜ ਹੋਇਆ ਭਾਈ ਬਚਿੱਤਰ ਸਿੰਘ ਏਥੇ ਪੁਜਾ ਤਾਂ ਇਨ੍ਹਾਂ ਆਪਣੀ ਹਵੇਲੀ ਵਿਚ ਉਸ ਨੂੰ ਪਨਾਹ ਦਿਤੀ। ਇਨ੍ਹਾਂ ਬਹਾਦਰ ਪਠਾਣਾਂ ਕਿਸੇ ਫਟੜ ਸਿੰਘ ਨੂੰ, ਜੋ ਇਨ੍ਹਾਂ ਪਾਸ ਆ ਗਿਆ, ਉਸ ਨੂੰ ਵੈਰੀ ਦੇ ਹਵਾਲੇ ਨਹੀਂ ਸੀ ਕੀਤਾ।

ਚਮਕੌਰ ਦੇ ਯੁਧ ਪਿਛੋਂ ਸਤਿਗੁਰੂ ਜੀ ਮਾਛੀਵਾੜੇ ਆਏ। ਗ਼ਨੀ ਖ਼ਾਂ ਤੇ ਨਬੀ ਖ਼ਾਨ ਦੀਆਂ ਖਿਦਮਤਾਂ ਨੂੰ ਕੌਣ ਭੁਲ ਸਕਦੈ। ਏਥੋਂ ਅਰਾਕ ਆਏ। ਉਹ ਆਦਮੀ ਜੋ ਦਰਸ਼ਨਾਂ ਨੂੰ ਤਰਸਿਆਂ ਕਰਦੇ ਸਨ, ਜਦ ਸਤਿਗੁਰੂ ਜੀ ਆਪ ਚਲ ਕੇ ਉਨ੍ਹਾਂ ਦੇ ਘਰ ਆਏ ਤਾਂ ਬੇਮੁਖ ਹੋ ਕੇ ਅਖਾਂ ਫੇਰ ਲਈਆਂ। ਕਿਸੇ ਵਾਤ ਤਕ ਨਾ ਪੁਛੀ। ਅਰਾਕ ਦੇ ਮਸੰਦ ਤੋਂ ਜਦ ਘੋੜੀ ਮੰਗੀ ਤਾਂ ਉਹ ਕੰਬ ਉਠਿਆ ਤੇ ਕਹਿਣ ਲਗਾ ਕਿ ਤੁਹਾਨੂੰ ਘੋੜੀ ਦੇ ਕੇ ਮੈਂ ਫਾਹੇ ਲਗਣਾ ਹੈ? ਏਥੋਂ ਜਦ ਰਾਏ ਕੋਟ ਆਏ ਤਾਂ ਰਾਏ ਕਲ੍ਹਾ ਨੇ ਬੜਾ ਮਾਣ ਕੀਤਾ ਤੇ ਰੱਜ ਕੇ ਸੇਵਾ ਕੀਤੀ। ਸੀ ਤਾਂ ਭਾਵੇਂ ਮੁਸਲਮਾਨ, ਪਰ ਹੈ ਸੀ ਮਰਦ ਬੱਚਾ, ਪੂਰਾ ਸਖੀ ਤੇ ਸੂਰਮਾ। ਇਸ ਨੇ ਰਤੀ ਮਾਸਾ ਵੀ ਪਰਵਾਹ ਨਹੀਂ ਕੀਤੀ ਕਿ ਸੂਬਾ ਸਰਹੰਦ ਤੇ ਦਿਲੀ ਦੇ ਬਾਦਸ਼ਾਹ ਔਰੰਗਜ਼ੇਬ ਦੀ ਨਰਾਜ਼ਗੀ ਉਸ ਨੂੰ ਕਿਸ ਭਾਅ ਪਵੇਗੀ। ਏਥੇ ਹੀ ਉਸ ਨੇ ਆਪਣਾ ਆਦਮੀ ਨੂਰੂ (ਨੂਰਾ ਮਾਹੀ) ਸਰਹੰਦ ਘਲਾ ਕੇ ਛੋਟੇ ਸਾਹਿਬ-ਜ਼ਾਦਿਆਂ ਬਾਰੇ ਖਬਰ ਮੰਗਾ ਕੇ ਦਿਤੀ ਸੀ। ਇਕ ਜਾਂ ਦੋ ਦਿਨ ਨਹੀਂ, ਕਈ ਰੋਜ਼ ਤਕ ਸ੍ਰੀ ਦਸਮੇਸ਼ ਜੀ ਨੂੰ ਪਾਸ ਰਖ ਕੇ ਸੇਵਾ ਕੀਤੀ ਸੀ ਤੇ ਫਿਰ ਵੱਜ ਗੱਜ ਕੇ ਪੂਰਾ ਆਦਰ ਮਾਣ ਦੇ ਕੇ ਸਾਹਿਬਾਂ ਨੂੰ ਵਿਦਿਆ ਕੀਤਾ ਸੀ। ਏਥੋਂ ਅਗੇ ਆਪ ਕਾਂਗੜ ਰਾਏ ਸ਼ਮੀਰ ਪਾਸ ਆ ਗਏ ਸਨ। ਏਥੇ ਹੀ ਆਪ ਨੂੰ ਪਤਾ ਲਗਾ ਸ੍ਰੀ ਕਿ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਸਮੇਂ ਮਲੇਰਕੋਟਲੇ ਦੇ ਸ਼ੇਰ ਮੁਹੰਮਦ ਖਾਨ ਨੇ ਮਾਸੂਮ ਤੇ ਸ਼ੀਰ-ਖੋਰ ਬੱਚਿਆਂ ਦੇ ਕਤਲ ਤੋਂ ਸੂਬੇ ਨੂੰ ਰੋਕਣ ਦਾ ਯਤਨ ਕੀਤਾ ਸੀ। ਤੇ ਜਦ ਉਸ ਦਾ ਚਾਰਾ ਨਹੀਂ ਸੀ ਚਲਿਆ ਤਾਂ ਹਾਹ ਦਾ ਨਾਅਰਾ ਮਾਰ ਕੇ ਕਚਹਿਰੀ 'ਚੋਂ ਉਠ ਗਿਆ ਸੀ। ਕੁੰਜਪੁਰੇ ਦਿਆਂ ਪਠਾਣਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਵੇਲੇ ਸਿੰਘਾਂ ਦੀ ਇਮਦਾਦ ਕੀਤੀ ਸੀ।

ਸਰਹੰਦ ਮਾਰਨ ਪਿਛੋਂ ਇਲਾਕੇ ਮੱਲਣ ਵੇਲੇ ਤੇ ਉਤਲੀਆਂ ਘਟਨਾਵਾਂ ਵਾਪਰਨ ਵਿਚਕਾਰ ੬੦ ਸਾਲ ਲੰਘ ਚੁਕੇ ਸਨ। ਖਾਲਸਾ ਜੀ ਨਾਲ ਕੀਤੀਆਂ ਨੇਕੀਆਂ ਨਵੀਂ ਪੀੜ੍ਹੀ ਨੂੰ ਇਨ ਬਿਨ ਯਾਦ ਸਨ। ਸਰਹੰਦ ਮਾਰ ਕੇ ਉਜਾੜ ਦਿਤੀ ਸੀ। ਮੁਗਲਾਂ ਦੇ ਰਾਜ ਦੀ ਸਫ ਵਲ੍ਹੇਟੀ ਜਾ ਚੁਕੀ ਸੀ। ਅਟਕੋਂ ਦਿਲੀ ਤਕ ਅਕਾਲ ਅਕਾਲ ਦੇ ਜੈਕਾਰੇ ਗੂੰਜ ਰਹੇ ਸਨ। ਕਿਸੇ ਵਿਚ ਤਾਬ ਨਹੀਂ ਸੀ ਕਿ ਖਾਲਸੇ ਦੀ ਤੇਗ ਅਗੇ ਅੜ ਸਕੇ ਤੇ ਪੰਜਾਬ ਵਿਚ ਦਮ ਮਾਰ ਸਕੇ। ਏਨਾ ਤਾਣ ਹੁੰਦਿਆਂ ਵੀ ਅਹਿਸਾਨ ਨਹੀਂ ਭੁਲਾਇਆ। ਸਬੂਤ ਸਮੇਂ ਨੇ ਪੇਸ਼ ਕੀਤੇ ਹਨ :—

ਰੋਪੜ ਉਤੇ ਡੱਲੇਵਾਲੀਆ ਮਿਸਲ ਦੇ ਉਘੇ ਜਰਨੈਲ ਸ: ਹਰੀ ਸਿੰਘ ਡੱਲੇਵਾਲੀਏ ਦਾ ਕਬਜ਼ਾ ਹੋ ਚੁਕਿਆ ਸੀ। ਇਸ ਨੇ ਚੰਗੇ ਹਥ ਮਾਰ ਕੇ ਚਾਰ ਚੁਫੇਰੇ ਦੂਰ ਦੂਰ ਤਕ ਦਾ ਇਲਾਕਾ ਆਪਣੇ ਜ਼ੇਰ ਕੀਤਾ ਹੋਇਆ ਸੀ। ਇਹ ਏਨਾ ਤਕੜਾ ਸਰਦਾਰ ਸੀ ਕਿ ਇਕ ਵਾਰ ਜਦ ਪਟਿਆਲੇ ਦੀ ਸਾਰੀ ਫ਼ੌਜ ਰੋਪੜ ਉਤੇ ਚੜ੍ਹਾਈ ਕਰ ਕੇ ਆ ਗਈ ਸੀ ਤਾਂ ਇਸ ਨੇ ਐਸਾ ਡਟ ਕੇ ਮੁਕਾਬਲਾ ਕੀਤਾ ਸੀ ਕਿ ਉਹ ਬਹੁਤ ਸਾਰੇ ਸੈਨਿਕ ਮਰਵਾ ਕੇ ਤੇ ਇਸ ਤੋਂ ਬੁਰੀ ਤਰ੍ਹਾਂ ਹਾਰ ਖਾ ਕੇ ਏਧਰ ਓਧਰ ਨੱਸ ਭਜ ਕੇ ਬਚੀ ਸੀ। ਪਰ ਕੀ ਮਜਾਲ ਜੋ ਇਸ ਨੇ ਕੋਟਲੇ ਦੇ ਪਠਾਣਾਂ ਵਲ, ਜੋ ਇਸ ਦੇ ਰਾਜ ਦੀ ਹਦ ਅੰਦਰ ਹੀ ਵਸਦੇ ਸਨ, ਬੁਰੀ ਨਿਗ੍ਹਾ ਨਾਲ ਵੀ ਵੇਖਿਆ ਹੋਵੇ। ਇਸ ਸਮੇਂ ਤਕ ਕੋਟਲੇ ਦਿਆਂ ਖਾਨਾਂ ਨੇ ਸੱਤ ਅੱਠ ਪਿੰਡ ਮੱਲ ਲਏ ਹੋਏ ਸਨ, ਪਰ ਕਿਸੇ ਸਿੰਘ ਨੇ ਇਨ੍ਹਾਂ ਦੇ ਕਾਰ-ਵਿਹਾਰ ਤੇ ਕਬਜ਼ੇ ਕੀਤੇ ਪਿੰਡਾਂ ਵਿਚ ਰੰਚ ਮਾਤਰ ਵੀ ਦਖ਼ਲ ਨਹੀਂ ਦਿਤਾ। ਸ: ਹਰੀ ਸਿੰਘ ਨੇ ਇਨ੍ਹਾਂ ਦੀ ਮਾਲਕੀ ਨੂੰ ਦੂਸਰੇ ਸਿੰਘਾਂ ਦੀ ਮਾਲਕੀ ਵਾਂਗ ਹੀ ਪਰਵਾਨ ਕੀਤਾ।



www.AKJ.Org

ਸ਼ੇਰ ਮੁਹੰਮਦ ਮਲੇਰ ਕੋਟਲੇ ਵਾਲੇ ਨੇ, ਠੀਕ ਹੈ ਹਾਹ ਦਾ ਨਾਅਰਾ ਮਾਰਿਆ ਸੀ, ਪਰ ਸਿੰਘਾਂ ਦੀ ਅੱਲਖ ਮੁਕਾਉਣ ਵਿਚ ਇਹ ਸਭ ਤੋਂ ਅਗੇ ਰਹੇ। ਸਿੰਘਾਂ ਨੂੰ ਦੁਖ ਦੇਣ ਵਿਚ ਇਨ੍ਹਾਂ ਕੋਈ ਕਸਰ ਨਹੀਂ ਸੀ ਛਡੀ। ਘਲੂਘਾਰੇ ਵੇਲੇ ਭੀਖਣ ਖਾਂ ਨੇ ਸਿੰਘਾਂ ਦੇ ਆਹੂ ਲਾਹੁਣ ਵਿਚ ਹੱਦ ਕਰ ਦਿਤੀ ਸੀ। ਸਿੰਘਾਂ ਨੂੰ ਇਸ ਤੇ ਕ੍ਰੋਧ ਵੀ ਬੜਾ ਸੀ। ਪਰ ਜਦ ਸਰਹੰਦ ਮਾਰੀ ਤੇ ਇਲਾਕੇ ਆਪੋ ਵਿਚ ਮਲੇ ਗਏ, ਮਲੇਰ ਕੋਟਲੇ ਨੂੰ ਕਿਸੇ ਨਹੀਂ ਛੇੜਿਆ। ਸਿਰਫ਼ ਭੀਖਣ ਖਾਨ ਨੂੰ ਉਸ ਦੇ ਕੀਤੇ ਦੀ ਮੈਦਾਨ ਵਿਚ ਜ਼ਰੂਰ ਸਜ਼ਾ ਦਿਤੀ ਸੀ। ਉਸ ਦੇ ਟੱਬਰ ਟੀਹਰ ਨੂੰ ਜਾਂ ਇਲਾਕੇ ਵਲ ਕਿਸੇ ਨੇ ਅੱਖ ਚੁਕ ਕੇ ਵੀ ਨਹੀਂ ਤੱਕਿਆ। ਏਥੋਂ ਤਕ ਕਿ ੧੯੪੭ ਵਿਚ ਹਿੰਦੁਸਤਾਨ ਦੀ ਵੰਡ ਵੇਲੇ ਫੈਲੀ ਅਫਰਾ-ਤਫਰੀ, ਹੁਲੜਬਾਜ਼ੀ ਤੇ ਲੁੱਟ-ਮਾਰ ਵਿਚ ਵੀ ਮਲੇਰ ਕੋਟਲੇ ਦੀ ਜੂਹ ਸੁਰੱਖਿਆਤ ਰਹੀ ਤੇ ਕਿਸੇ ਤੇ ਆਂਚ ਨਹੀਂ ਆਉਣ ਦਿਤੀ। ਇਨ੍ਹਾਂ ਦੀ ਰਾਖੀ ਕਰਨ ਲਈ ਪਟਿਆਲੇ ਦੀ ਫ਼ੌਜ ਮਲੇਰ ਕੋਟਲੇ ਦੇ ਇਲਾਕੇ ਵਿਚ ਆਣ ਪਹੁੰਚੀ ਸੀ। ਮਲੇਰ ਕੋਟਲੇ ਦੇ ਲੋਕ ਅੱਜ ਵੀ ਉਂਜ ਹੀ ਵਸਦੇ ਹਨ ਜਿਵੇਂ ਮੁਲਕ ਦੀ ਵੰਡ ਹੋਈ ਹੀ ਨਹੀਂ।

ਇੰਜ ਹੀ ਰਾਏ ਕੋਟ ਵੀ ਸੁਰੱਖਿਅਤ ਹੀ ਰਿਹਾ। ਜਦ ਸਿੰਘਾਂ ਸਰਹੰਦ ਨੂੰ ਜਿਤ ਕੇ ਉਜਾੜਿਆ ਸੀ, ਉਸ ਵੇਲੇ ਰਾਏ ਕੋਟ ਦੇ ਰਈਸ ਰਾਏ ਅਲਿਆਸ (ਜਾਂ ਰਾਏ ਕਲ੍ਹਾ ਤੀਜਾ), ਜੋ ਰਾਏ ਕਲ੍ਹਾ (ਜਿਸ ਦਾ ਪਹਿਲਾਂ ਜ਼ਿਕਰ ਆ ਚੁਕਿਆ ਹੈ) ਦੀ ਬੰਸ ਵਿਚੋਂ ਸੀ ਤੇ ਜਿਸ ਦੇ ਇਲਾਕੇ ਦੂਰ ਦੂਰ ਤਕ ਪਸਰੇ ਹੋਏ ਸਨ, ਲੁਧਿਆਣਾ ਤੇ ਜਗਰਾਉਂ ਵੀ ਏਸੇ ਦੇ ਕਬਜ਼ੇ ਵਿਚ ਸਨ, ਵਲ ਕਿਸੇ ਨੇ ਤਿਰਛੀ ਨਜ਼ਰ ਨਾਲ ਵੀ ਨਹੀਂ ਸੀ ਤਕਿਆ। ਨਿਸ਼ਾਨ ਵਾਲੀਏ ਤੇ ਡੱਲੇਵਾਲੀਏ ਇਨ੍ਹਾਂ ਦੇ ਦੁਆਲੇ ਰੋਕਾਂ ਰੋਕੀ ਬੈਠੇ ਸਨ। ਤੇ ਨਾਲੇ ਰਾਇ ਕੋਟੀਏ ਹੈ ਵੀ ਖਾਲਸਾ ਜੀ ਦੇ ਰਾਹ ਉਤੇ ਹੀ ਸਨ। ਪਰ ਰਾਏ ਕੋਟੀਏ ਦੰਦਾਂ ਵਿਚਕਾਰ ਜੀਭ ਵਾਂਗੂੰ ਆਪਣੇ ਇਲਾਕੇ ਅਮਨਾ ਅਮਨ ਨਾਲ ਹੀ ਮੱਲੀ ਬੈਠੇ ਰਹੇ। ਕੀ ਸਿੰਘ ਇਨ੍ਹਾਂ ਦੇ ਇਲਾਕਿਆਂ ਨੂੰ ਇਨ੍ਹਾਂ ਤੋਂ ਖੋਹ ਨਹੀਂ ਸਨ ਸਕਦੇ, ਜਾਂ ਕਿ ਰਾਏਕੋਟ ਤੇ ਮਲੇਰ ਕੋਟਲੇ ਵਾਲੇ, ਸਿੰਘਾਂ ਤੋਂ ਤਾਕਤ ਵਿਚ ਜ਼ਿਆਦਾ ਸਨ, ਜੁ ਸਿੰਘਾਂ ਨੇ ਇਨ੍ਹਾਂ ਦੇ ਇਲਾਕੇ ਨੂੰ ਨਹੀਂ ਛੇੜਿਆ? ਅਸਲ ਗੱਲ ਇਹ ਹੈ ਕਿ ਇਹ ਦੋਵੇਂ ਹੀ ਰਲ ਕੇ ਸਿੰਘਾਂ ਦੀ ਮਾਮੂਲੀ ਜਿਹੀ ਝਪਟ ਨੂੰ ਵੀ ਨਹੀਂ ਸਨ ਝਲ ਸਕਦੇ। ਪਰ ਸਿੰਘ ਸਿਰ ਤੇ ਚੜ੍ਹੇ ਅਹਿਸਾਨ ਨੂੰ ਕਿਵੇਂ ਭੁਲਾ ਸਕਦੇ ਸਨ? ਇਸ ਲਈ ਸਰਬੱਤ ਖਾਲਸੇ ਨੇ ਫ਼ੈਸਲਾ ਕਰ ਦਿਤਾ ਸੀ ਕਿ ਕੋਟਲਾ ਨਿਹੰਗ ਖਾਨ, ਰਾਏ, ਮਲੇਰ ਕੋਟਲਾ, ਮਲ-ਦੋਟ, ਕੁਜਪੁਰਾ ਤੇ ਫੂਲਕਿਆਂ ਦੇ ਇਲਾਕਿਆਂ ਉਤੇ ਕੋਈ ਮਿਸਲ ਮਲ ਨਾ ਮਾਰੇ।‡ "ਇਹ ਖਾਲਸੇ ਦੀ ਬੀੜ ਰਹੀ। ਨਜ਼ਾਰੇ ਤਾਂ ਬੇਸ਼ਕ ਲੈ ਲਵੋ, ਪਰ ਇਲਾਕਾ ਨਾ ਖੋਹਵੋ"।

[ਸ: ਕਰਮ ਸਿੰਘ ਹਿਸਟੋਰੀਅਨ ਇਤਿਹਾਸਕ ਖੋਜ ਪੰ: ੧੦੧

ਫੂਲਕਿਆਂ ਵਾਲੇ ਭਾਵੇ ਪੰਥ-ਦਰਦੀ ਹੀ ਸਨ, ਪਰ ਪੰਥ ਦਿਆਂ ਹਿਤਾਂ ਲਈ ਕਦੀ ਚੱਜ ਨਾਲ ਬਾਕੀ ਮਿਸਲਾਂ ਨਾਲ ਨਹੀਂ ਜੁੜ ਸਕੇ। ਇਹ ਹਰ ਇਕ ਦੇ ਮਾਤਹਿਤ ਹੋ ਕੇ ਮਤਲਬ ਕਢ ਲੈਂਦੇ ਸਨ, ਭਾਵੇਂ ਦਿਲੀ ਦਾ ਮੁਗਲ ਦਰਬਾਰ ਹੋਵੇ, ਮਰਹੱਟੇ ਹੋਣ ਜਾਂ ਅਹਿਮਦ ਸ਼ਾਹ ਅਬਦਾਲੀ ਜਾਂ ਖਾਲਸਾ ਪੰਥ। ਸਿਆਣਪ ਕਹੋ ਜਾਂ ਸਿਆਸਤ ਜਾਂ ਮਤਲਬ-ਪ੍ਰਸਤੀ, ਇਨ੍ਹਾਂ ਆਪਣੇ ਹਿਤ ਨੂੰ ਕਦੇ ਸੇਕ ਨਹੀਂ ਸੀ ਲਗਣ ਦਿਤਾ। ਏਸੇ ਆਦਤ ਦੇ ਤਹਿਤ ਸਮਾਂ ਆਉਣ ਤੇ ਪੰਥ ਨੂੰ ਛੱਡ ਕੇ ਅੰਗਰੇਜ਼ ਦੀ ਬੁਕਲ ਵਿਚ ਜਾ ਬੈਠੇ ਸਨ। ਸਵਰਨ ਸਿੰਘ

## "ਗੁਰੂ ਕੀ ਚਾਦਰ"–

ਸਰਹੰਦ ਮਾਰੀ ਗਈ ਤੇ ਬੁਰੀ ਤਰ੍ਹਾਂ ਲੁੱਟੀ-ਪੁਟੀ ਗਈ। ਫ਼ਰਸ਼ ਤੇ ਨੀਹਾਂ ਖੋਦ ਖੋਦ ਕੇ ਵੀ ਧਨ ਕਢ ਲਿਆ ਗਿਆ ਸੀ। ਸਾਰੀਆਂ ਮਿਸਲਾਂ ਦੇ

---

‡ ਸ: ਰਤਨ ਸਿੰਘ—ਪ੍ਰਾਚੀਨ ਪੰਥ ਪ੍ਰਕਾਸ਼ ਸਫ਼ਾ ੫੦੯



www.AKJ.Org

ਸਰਦਾਰਾਂ ਦੇ ਹਥੀਂ ਕਾਫ਼ੀ ਮਾਲ ਲੱਗਾ ਸੀ। ਇਕੱਲੇ ਸ: ਜੱਸਾ ਸਿੰਘ ਆਹਲੂਵਾਲੀਏ ਦੇ ਹਿਸੇ ਨੌਂ ਲਖ ਰੁਪਏ ਆਏ ਸਨ। ਸ: ਜੱਸਾ ਸਿੰਘ ਜੀ ਇਸ ਨੂੰ ਪੰਥ ਦੀ ਅਮਾਨਤ ਸਮਝਦੇ ਸਨ ਤੇ ਇਸ ਵਿਚੋਂ ਧੇਲਾ ਵੀ ਆਪਣੇ ਪਾਸ ਰਖਣਾ ਨਹੀਂ ਸਨ ਚਾਹੁੰਦੇ। ਇਸ ਲਈ ਮੱਲਾਂ ਮਾਰਨ ਤੇ ਚੜ੍ਹਨ ਤੋਂ ਪਹਿਲਾਂ ਉਹ ਇਸ ਧਨ ਨੂੰ ਇਕ ਨੇਕ ਤੇ ਧਰਮ ਦੇ ਕਾਰਜ ਤੇ ਖ਼ਰਚਣਾ ਚਾਹੁਦੇ ਸਨ। ਸਾਰਿਆਂ ਨੂੰ ਪਤਾ ਸੀ ਕਿ ਘਲੂਘਾਰੇ ਤੋਂ ਪਿਛੋਂ ਅਹਿਮਦ ਸ਼ਾਹ ਕ੍ਰੋਧ ਦੀ ਅੱਗ ਵਿਚ ਸੜਦਾ ਹੋਇਆ ਸ੍ਰੀ ਹਰਿਮੰਦਰ ਸਾਹਿਬ ਨੂੰ ਬਰੂਦ ਦਿਆਂ ਕੁਪਿਆਂ ਨਾਲ ਉਡਾ ਕੇ ਢਾਹ ਗਿਆ ਸੀ ਤੇ ਚੁਫੇਰੇ ਦੇ ਬੁੰਗੇ ਤੇ ਇਮਾਰਤਾਂ ਢਾਹ ਕੇ ਉਨ੍ਹਾਂ ਦੇ ਮਲਬੇ ਨਾਲ ਤੇ ਮਨੁਖਾਂ, ਡੰਗਰਾਂ ਦੀਆਂ ਲਾਸ਼ਾਂ ਤੇ ਗੰਦੇ ਤੇ ਕੂੜੇ ਕਰਕਟ ਨਾਲ ਸਰੋਵਰ ਨੂੰ ਭਰ ਗਿਆ ਸੀ। ਗੁਰੂ ਘਰ ਦੀ ਸੇਵਾ ਅਜੇ ਤਕ ਨਹੀਂ ਸੀ ਹੋ ਸਕੀ। ਇਸ ਲਈ ਸਾਰੀਆਂ ਮਿਸਲਾਂ ਦੇ ਮੁਖੀ ਇਕੱਠੇ ਕਰ ਕੇ ਇਹ ਸੇਵਾ ਅਰੰਭਣ ਲਈ ਗੱਲ ਬਾਤ ਤੋਰੀ। ਲੋੜੀਂਦੀ ਮਾਇਆ ਇਕੱਠੀ ਕਰਨ ਲਈ ਗੁਰੂ ਦੇ ਨਾਂ ਉਤੇ ਇਕ ਚਾਦਰ ਵਿਛਾ ਦਿਤੀ ਤੇ ਸਭ ਤੋਂ ਪਹਿਲਾ ਸ: ਜੱਸਾ ਸਿੰਘ ਜੀ ਨੇ ਆਪ ਆਪਣਾ ਸਾਰਾ ਹਿੱਸਾ ੯ ਲਖ ਰੁਪਏ ਢੇਰੀ ਕਰ ਦਿਤੇ। ਬਾਕੀ ਸਰਦਾਰਾਂ ਵੀ ਹਿੱਸਾ ਪਾਇਆ ਤੇ ਇੰਜ ਉਨ੍ਹਾਂ ੫ ਲਖ ਇਕੱਠਾ ਕਰ ਦਿਤਾ। ਚਾਦਰ ਉਤੇ ਮਾਇਆ ਦਾ ਢੇਰ ਲੱਗ ਗਿਆ। ਇਹ ਚਾਦਰ "ਗੁਰੂ ਕੀ ਚਾਦਰ" ਦੇ ਨਾਉਂ ਨਾਲ ਪਰਸਿਧ ਹੋਈ। ਇਹ ੧੪ ਲੱਖ ਰੁਪਏ ਦੀ ਸਾਰੀ ਰਕਮ ਭਾਈ ਦੇਸ ਰਾਜ ਜੀ ਬਿਧੀਚੰਦੀਏ ਦੀ ਝੋਲੀ ਵਿਚ ਪਾ ਦਿਤੀ ਤੇ ਉਨ੍ਹਾਂ ਨੂੰ ਕਿਹਾ ਕਿ ਇਹ ਸਾਰੀ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਤੇ ਲਾ ਦਿਤੀ ਜਾਏ। ਭਾਈ ਦੇਸ ਰਾਜ ਜੀ ਬੜੇ ਸ਼ਰਧਾਵਾਨ ਤੇ ਸੇਵਾ ਦੇ ਪੁੰਜ ਸਨ। ਉਨ੍ਹਾਂ ਇਹ ਸੇਵਾ ਬੜੇ ਪ੍ਰੇਮ, ਸਤਿਕਾਰ ਤੇ ਸ਼ਰਧਾ ਨਾਲ ਕਰਾਈ ਤੇ ਸ੍ਰੀ ਦਰਬਾਰ ਸਾਹਿਬ ਤੇ ਸਰੋਵਰ ਦੀ ਸੇਵਾ ਦੇ ਨਾਲ ਨਾਲ ਬਹੁਤ ਸਾਰੇ ਢਾਏ ਹੋਏ ਬੁੰਗੇ ਵੀ ਨਵੇਂ ਸਿਰਿਓਂ ਉਸਾਰ ਦਿਤੇ।*

[ਚਲਦਾ

* ਤਾਰੀਖ-ਏ-ਕਪੂਰਥਲਾ, ਸਫਾ ੧੯੬-੧੯੭।


ਗੁਰਦਵਾਰਾ ਦੂਖ-ਨਿਵਾਰਨ ਸਾਹਿਬ

## ਪਟਿਆਲੇ ਵਿਖੇ ਸਾਲਾਨਾ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ ਸਮਾਗਮ

### ੬ ਫ਼ਰਵਰੀ ਤੋਂ ੧੦ ਫ਼ਰਵਰੀ ਐਤਵਾਰ ਸਵੇਰ ਤਕ, ਰੈਣ ਸਬਾਈ ੯ ਫ਼ਰਵਰੀ ਨੂੰ

ਗੁਰੂ ਪੰਥ ਦੇ ਵਰੋਸਾਏ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸੰਗੀ ਸਾਥੀ ਅਖੰਡ ਕੀਰਤਨੀ ਜਥੇ ਦੂਰੋਂ ਨੇੜਿਓਂ ਪਟਿਆਲਾ ਦੂਖ ਨਿਵਾਰਨ ਸਾਹਿਬ ਪੁਜ ਕੇ ਰਸ-ਭਿੰਨੇ ਕੀਰਤਨ ਦੀਆਂ ਛਹਿਬਰਾਂ ਲਾਉਣਗੇ। ਗੁਰੂ-ਚਰਨਾਂ ਵਿਚ ਜੁੜਨ ਲਈ ਸਮੂਹ ਸੰਗਤਾਂ ਹੁਮ ਹੁਮਾ ਕੇ ਦਰਸ਼ਨ ਬਖਸ਼ੋ ਜੀ। ਪ੍ਰੋਗਰਾਮ ਇਉਂ ਹੈ:

6 ਫ਼ਰਵਰੀ ਸਵੇਰੇ 6 ਵਜੇ ਸ੍ਰੀ ਅਖੰਡ ਪਾਠ ਅਰੰਭ ਗੁ: ਦੂਖ ਨਿਵਾਰਨ ਸਾਹਿਬ ਦੇ ਬੁੰਗੇ ਵਿਖੇ

8 ਫ਼ਰਵਰੀ ਸਵੇਰੇ 5 ਤੋਂ 10 ਹਜ਼ੂਰੀ ਕੀਰਤਨ ਗੁ: ਦੂਖ ਨਿਵਾਰਨ ਸਾਹਿਬ ਵਿਖੇ

ਸ਼ਾਮ 3 ਤੋਂ 8 ਹਜ਼ੂਰੀ ਕੀਰਤਨ ,, ,, ,,

9 ਫ਼ਰਵਰੀ ਸਵੇਰੇ 5 ਤੋਂ 1 ਵਜੇ ਦੁਪਹਿਰ ਤਕ ਹਜ਼ੂਰੀ ਕੀਰਤਨ ,, ,,

ਸ਼ਾਮ 7 ਵਜੇ ਅਰੰਭ ਰੈਣ ਸਬਾਈ ਕੀਰਤਨ, ਸਮਾਪਤੀ 10 ਫ਼ਰਵਰੀ ਐਤਵਾਰ ਸਵੇਰੇ

ਨੋਟ:—ਰਿਹਾਇਸ਼ ਲੰਗਰ ਆਦਿ ਦਾ ਪਰਬੰਧ ਗੁ: ਦੂਖ ਨਿਵਾਰਨ ਸਾਹਿਬ ਵਿਖੇ। ਲੋੜ ਅਨੁਸਾਰ ਬਿਸਤਰੇ ਜ਼ਰੂਰੀ ਲਿਆਓ ਜੀ।

ਪੁਛਗਿਛ—ਭਾ: ਸੁਰਜੀਤ ਸਿੰਘ
ਗਲੀ ਕਸ਼ਮੀਰੀਆਂ ਵਾਲੀ, ਰਾਘੋ ਮਾਜਰਾ, ਪਟਿਆਲਾ

ਦਰਸ਼ਨ ਅਭਿਲਾਖੀ—
ਅਖੰਡ ਕੀਰਤਨੀ ਜੱਥਾ, ਪਟਿਆਲਾ


www.AKJ.Org

# 'ਸੂਰਾ' ਮਾਸਕ ਪੱਤਰ ਦੇ ਅਮਾਨਤੀ ਲਾਈਫ਼ ਮੈਂਬਰ

ਸਭ ਸਜਣਾਂ ਦੀ ਸੌ ਸੌ ਰੁਪਏ ਪੂਜੀ ਮਾਇਆ ਦੀਆਂ ਐਫ ਡੀਆਂ ਹੇਠ ਲਿਖੇ ਅਨੁਸਾਰ ਹਨ—

| | | | |
|---|---|---|---|
| 578. ਸ. ਗੁਰਚਰਨ ਸਿੰਘ ਪਠਲਾਵਾ | (ਚਿਟ ਨੰ: 3578) | 986748/1195/79 | ਮਿਤੀ 22-12-79 |
| 579. ਸ. ਜਸਵੰਤ ਸਿੰਘ ਹਰਭਜਨ ਸਿੰਘ | ( ,, ,, 3579) | 986749/1196/79 | ,, |
| 580. ਸ. ਪ੍ਰੀਤਮ ਸਿੰਘ ਜਸਵੰਤ ਸਿੰਘ | ( ,, ,, 3580) | 986750/1197/79 | ,, |
| 581. ਬੀਬੀ ਮਨਜੀਤ ਕੌਰ C/o ਸ. ਗੰਗਾ ਸਿੰਘ | ( ,, ,, 3581) | 986751/1198/79 | ,, |
| 582. ਸ. ਤਰਲੋਕ ਸਿੰਘ ਕਲਾਥ ਮਰਚੈਂਟ | ( ,, ,, 3582) | 986752/1199/79 | ,, |
| 583. ਮੇਜਰ ਗੁਰਦੀਪ ਸਿੰਘ | ( ,, ,, 3583) | 986753/1200/79 | ,, |
| 584. ਸ. ਸੋਹਨ ਸਿੰਘ ਖਾਲਸਾ | ( ,, ,, 3584) | 986754/1201/79 | ,, |
| 585. ਸ. ਚਰਨਜੀਤ ਸਿੰਘ ਸਮਰਾਲਾ | ( ,, ,, 3585) | 986755/1202/79 | ,, |
| 586. ਸ. ਰੰਜੀਤ ਸਿੰਘ ਸੰਧੂ | ( ,, ,, 3586) | 986756/1203/79 | ,, |
| 587. ਸ. ਐਮ. ਐਸ. ਖਰਬੰਦਾ | ( ,, ,, 3587) | 986757/1204/79 | ,, |
| 588. ਸ. ਅਮਰਜੀਤ ਸਿੰਘ ਨਵੀਂ ਦਿੱਲੀ | ( ,, ,, 3588) | 986758/1205/79 | ,, |
| 589. Sub. ਦੁਰਲਭ ਸਿੰਘ ,, | ( ,, ,, 3589) | 986759/1206/79 | ,, |
| 590. ਮਾਸਟਰ ਨਿਰੰਜਨ ਸਿੰਘ | ( ,, ,, 3590) | 986760/1207/79 | ,, |
| 591. ਸ. ਉਜਾਗਰ ਸਿੰਘ ਨਵੀਂ ਦਿੱਲੀ | ( ,, ,, 3591) | 986761/1208/79 | ,, |
| 592. ਸ. ਮਨਮੋਹਨ ਸਿੰਘ ਅੰਮ੍ਰਿਤਸਰ | ( ,, ,, 3592) | 986762/1209/79 | ,, |

# ਅਖੰਡ ਕੀਰਤਨੀ ਜਥਾ—ਹਿਸਾਬ ਕਿਤਾਬ

## ਕੇਂਦਰੀ ਫੰਡ—ਆਮਦਨ

| | |
|---|---|
| ਸ: ਅਜੀਤ ਸਿੰਘ, ਡਰਬੀ ਯੂ. ਕੇ | 363-30 |
| ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ (ਦੂਜਿਆਂ ਦੀਆਂ ਰਕਮਾਂ ਸਮੇਤ) | 29920-00 |
| ਸੂਦ ਬੈਂਕ | 94-33 |
| ਭਾਈ: ਬਖਸ਼ੀਸ਼ ਸਿੰਘ ਪੰ: ਸਿੰ: ਬੈਂਕ ਅੰਮ੍ਰਿਤਸਰ | 50-00 |
| ਜੋੜ | 30427-63 |
| ਪਿਛਲੀ ਬਾਕੀ | 8079-91 |
| | 38507-54 |
| ਖਰਚ | 31496-83 |
| ਬਾਕੀ | 7010-71 |

| | |
|---|---|
| ਖਰਚ—ਖਾਲੀ ਲਫਾਫੇ 250 | 10-08 |
| ਛਪਾਈ ਤੇ ਕਾਗਜ਼ ਸਰਕੁਲਰ | 19-50 |
| ਡਾਕ ਖਰਚ | 51-25 |
| ਸ਼ਹੀਦੀ ਫੰਡ ਨੂੰ ਦਸਤੀ ਵਾਪਸ 4.7.79 ਦੇ | 13816-00 |
| ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਰਕਮ ਮਾ: ਗੁਰਬਚਨ ਸਿੰਘ ਦਿਆਲਪੁਰ ਨੂੰ ਚੈਕ | 17600-00 |
| | 31496-83 |

ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਸ਼ਹੀਦ ਭਾ: ਗੁਰਦਿਆਲ ਸਿੰਘ ਜੀ ਦੀ ਸਿੰਘਣੀ ਨੂੰ ਮੋਦੇ 200 ਪੌਂਡ ਦੀ ਰਕਮ 3520/- ਇਸ ਫੰਡ ਵਿਚੋਂ ਭੇਜਣੀ ਹੈ।

## ਸ਼ਹੀਦੀ ਫੰਡ ਆਮਦਨ

| | |
|---|---|
| ਸ: ਮਲਕੀਤ ਸਿੰਘ ਠੇਕੇਦਾਰ ਆਦਮਪੁਰ | 40-00 |
| ਸ: ਤੇਜਾ ਸਿੰਘ ਬਦਵਾਲ, ਮੋਹਾਲੀ | 101-00 |
| ਕੇਂਦਰੀ ਫੰਡ ਵਿਚੋਂ ਦਸਤੀ ਵਾਪਸ | 13816-00 |

ਖਰਚ—ਅਖਬਾਰਾਂ 22-00

ਮਿਤੀ 24-12-79 ਦਾਸਰਾ ਰਾਮ ਸਿੰਘ (ਜਥੇਦਾਰ)

www.AKJ.Org

# ਚਲਦਾ ਵਹੀਰ ਸ੍ਰੀ ਅੰਮ੍ਰਿਤਸਰ ਵਲੋਂ ਗੁਰਮਤਿ ਪ੍ਰਚਾਰ ਤੇ ਅੰਮ੍ਰਿਤ-ਸਿੰਚਾਰ

## ਸ਼ਹੀਦਾਂ ਦੇ ਸਸਕਾਰ ਅਸਥਾਨ ਤੇ ਰੈਣ ਸਬਾਈ ਕੀਰਤਨ ੧੩ ਜਨਵਰੀ ਨੂੰ

ਜਨਵਰੀ ੧ ਗੁਰਦਵਾਰਾ ਬਾਉਲੀ ਸਾਹਿਬ ਸ੍ਰੀ ਗੋਇੰਦਵਾਲ, ੨ ਕੁਰਾਲਾ (ਪਿੰਡ ਸ਼ਹੀਦ ਅਵਤਾਰ ਸਿੰਘ ਜੀ), ੩ ਪੰਨਵਾ (ਨੇੜੇ ਦਸੂਹਾ), ੪ ਦਸੂਹਾ ਸ੍ਰੀ ਗੁਰੂ ਸਿੰਘ ਸਭਾ, ੫ ਆਦਮਪੁਰ, ੬ ਭੋਗ ਸ੍ਰੀ ਅਖੰਡਪਾਠ ਏਅਰ ਫ਼ੋਰਸ ਕੁਆਰਟਰ ਆਦਮਪੁਰ, ੭ ਪਜੋਦਿਓਤਾ (ਬੁਲੋਵਾਲ-ਭੋਗਪੁਰ ਰੋਡ), ੮ ਹਰਿਆਣਾ (ਦਸੂਹਾ-ਹੁਸ਼ਿਆਰਪੁਰ ਰੋਡ), ੯ ਮਿਰਜ਼ਾਪੁਰ (ਦਸੂਹਾ ਰੋਡ), ੧੦ ਕਿਲ੍ਹਾ ਮੋਕਾ (ਸਾਹਮਣੇ ਮਾਨਾਂਵਾਲਾ ਸਟੇਸ਼ਨ), ੧੧ ਧਾਪੜਖੇੜੀ (ਨੇੜੇ ਵਡਾਲੀ ਸਾਹਿਬ), ੧੨ ਸਵੇਰੇ ਕੀਰਤਨ ਤ੍ਰਿਪਹਿਰਾ ਤੇ ਆਸਾ ਦੀ ਵਾਰ ਸ੍ਰੀ ਹਰਿਮੰਦਰ ਸਾਹਿਬ ਅਤੇ ਰਾਤ ਰੈਣ ਸਬਾਈ ਕੀਰਤਨ ਸ਼ਹੀਦਾਂ ਦੇ ਅਸਥਾਨ, ੧੩ ਬੀੜ ਬਾਬਾ ਬੁਢਾ ਸਾਹਿਬ, ੧੪ ਨੌਨੇ (ਜੰਡਿਆਲਾ ਤਰਨ ਤਾਰਨ ਰੋਡ), ੧੫ ਸ਼ੇਖ ਚੱਕ, ੧੬ ਸ੍ਰੀ ਤਰਨ ਤਾਰਨ, ੧੭ ਸ਼ੰਕਰਪੁਰਾ, ੧੮ ਨਾਸਰਕੇ, ੧੯ ਰੈਣ ਸਬਾਈ ਅਤੇ ਅੰਮ੍ਰਿਤ ਸਿੰਚਾਰ ਪਾਰੋਵਾਲ, ੨੦ ਸਮਰਾ (ਨੇੜੇ ਫਤਹਗੜ੍ਹ ਚੂੜੀਆਂ), ੨੧ ਗਗੋ ਮਾਹਲ (ਨੇੜੇ ਅਜਨਾਲਾ), ੨੨ ਡੇਰਾ ਬਾਬਾ ਨਾਨਕ, ੨੩ ਰਮਦਾਸ, ੨੪ ਅਜਨਾਲਾ, ੨੫ ਹਰਸਾ ਛੀਨਾ, ੨੬ ਰੈਣ ਸਬਾਈ ਮੀਰਪੁਰ ਕਲੋਨੀ ਪਠਾਨਕੋਟ, ੨੭ ਜੰਦਵਾਲ (ਨੇੜੇ ਪਠਾਨਕੋਟ), ੨੮ ਸਰਨਾ, ੨੯ ਮੰਗਰਾਲਾ, ੩੦ ਚਾਟੀਵਿੰਡ ਪਿੰਡ, ਖਜਾਲਾ ਮਹਿਤਾ ਰੋਡ (ਪਿੰਡ ਸ਼ਹੀਦ ਅਮਰੀਕ ਸਿੰਘ ਜੀ)।

ਨੋਟ :—ਪ੍ਰੋਗਰਾਮ ਵਿਚ ਲੋੜ ਅਨੁਸਾਰ ਤਬਦੀਲੀ ਹੋ ਸਕਦੀ ਹੈ। ਪ੍ਰੋਗਰਾਮ ਦਾ ਸਮਾਂ ਸ਼ਾਮ ਨੂੰ ੭ ਤੋਂ ੧੦ ਤਕ। ਪ੍ਰੋਗਰਾਮ ਆਮ ਤੌਰ ਤੇ ਪਿੰਡ ਦੇ ਗੁਰਦਵਾਰੇ ਵਿਖੇ ਹੋਵੇਗਾ। ਜਥਾ ਹਰੇਕ ਪਿੰਡ ਸ਼ਾਮ ਤਕ ਪੁਜੇਗਾ।

ਪੁਛ ਗਿਛ : ੧. ਮਾ: ਜਸਵੰਤ ਸਿੰਘ, 542 ਈਸਟ ਮੋਹਨ ਨਗਰ, ਅੰਮ੍ਰਿਤਸਰ। ੨. ਭਾ: ਕੁਲਵੰਤ ਸਿੰਘ, ਪੰਜਾਬ ਸਿੰਧ ਬੈਂਕ ਗੋਇੰਦਵਾਲ।

ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜਥਾ ਚਲਦਾ ਵਹੀਰ

---

# ਪਟਿਆਲਾ ਵਿਖੇ ਸਲਾਨਾ ਅਖੰਡ ਕੀਰਤਨ ਸਮਾਗਮ ੬ ਤੋਂ ੧੦ ਫਰਵਰੀ ਨੂੰ

## ਗੁਰਦਵਾਰਾ ਦੂਖ ਨਿਵਾਰਨ ਸਾਹਿਬ ਵਿਖੇ ਹੈ। ਵੇਰਵਾ ਅੰਦਰ ਵੇਖੋ

---

## ਮਾਸਕ ਰੈਣ ਸਬਾਈ ਕੀਰਤਨ ਫਰਵਾਲੀ (ਕਪੂਰਥਲਾ)

ਦਾਸ ਦੇ ਗ੍ਰਿਹਿ ਵਿਖੇ ਪੰਜ ਜਨਵਰੀ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸਮੂਹ ਸੰਗਤਾਂ ਦੀਦਾਰੇ ਬਖਸ਼ਣ ਜੀ। ਫਰਵਾਲੀ ਪਿੰਡ ਲੁਧਿਆਣਾ-ਸ਼ੇਰਪੁਰ ਰੋਡ ਤੇ ਹੈ। ਮਲੇਰ ਕੋਟਲਾ-ਰਾਇਪੁਰ ਰੋਡ ਦੇ ਸੈਂਟਰ ਵਿਚ ਹੈ।

ਦਾਸਰਾ—ਮਾਸਟਰ ਉਜਾਗਰ ਸਿੰਘ ਖਾਲਸਾ, ਫਰਵਾਲੀ ਡਾਕ ਘਰ ਲੋਹਟਬੱਦੀ (ਸੰਗਰੂਰ)

## ਕੋਟ ਫਤੂਹੀ (ਹੁਸ਼ਿਆਰਪੁਰ) ਵਿਖੇ ਰੈਣ ਸਬਾਈ ਕੀਰਤਨ

ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਕੋਟ ਫਤੂਹੀ ਵਿਖੇ ਪੰਜ ਜਨਵਰੀ ਸ਼ਨੀਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਆਸਾ ਦੀ ਵਾਰ ਦੇ ਕੀਰਤਨ ਹੋਣਗੇ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਸਮੂਹ ਸੰਗਤਾਂ ਗੁਰਬਾਣੀ ਤੇ ਕੀਰਤਨ ਦਾ ਅਨੰਦ ਮਾਨਣ ਲਈ ਦਰਸ਼ਨ ਬਖਸ਼ਣ ਜੀ।

ਦਾਸਰੇ—ਨਿਰਮਲ ਸਿੰਘ ਜਗਤ ਸਿੰਘ, ਕੋਟ ਫਤੂਹੀ (ਹੁਸ਼ਿਆਰਪੁਰ)

## ਫਰੀਦ ਕੋਟ ਵਿਖੇ ਅਖੰਡ ਕੀਰਤਨ ਸਮਾਗਮ

ਗੁ: ਸ੍ਰੀ ਗੁਰੂ ਸਿੰਘ ਸਭਾ ਨੇੜੇ ਘੰਟਾ ਘਰ ਫਰੀਦ ਕੋਟ ਵਿਚ ੨੬ ਜਨਵਰੀ ਸਨੀਵਾਰ ਦੀ ਰਾਤ ਨੂੰ ਸਾਢੇ ਸਤ ਵਜੇ ਅਖੰਡ ਕੀਰਤਨ ਅਰੰਭ ਹੋਣਗੇ। ਸਮੂਹ ਸੰਗਤਾ ਹਾਜ਼ਰੀਆ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

ਪੁਛ ਗਿਛ : ੧.ਬੀ: ਜਗਦੀਸ਼ ਕੌਰ ਸਿਵਲ ਹਸਪਤਾਲ ਫਰੀਦਕੋਟ।੨.ਸ:ਹਰਭਜਨ ਸਿੰਘ, ਪੰਜਾਬ ਸਿੰਧ ਬੈਂਕ,ਗੋਲੇਵਾਲ(ਫਰੀਦਕੋਟ)

## ਪਾਰੋਵਾਲ (ਗੁਰਦਾਸਪੁਰ) ਵਿਖੇ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ-ਸਿੰਚਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਨ ਸ਼ਾਨ ਕਾਇਮ ਰਖਦੇ ਹੋਏ ਵੈਸਾਖੀ ਵਾਲੇ ਦਿਨ ਹੋਏ ਸ਼ਹੀਦ ਸਿੰਘਾਂ ਦੀ ਯਾਦ ਵਿਚ ਗੁਰਦਵਾਰਾ ਸਾਹਿਬ ਪਾਰੋਵਾਲ ਵਿਖੇ ਅਖੰਡ ਕੀਰਤਨੀ ਜਥਿਆਂ ਵਲੋਂ ੧੯ ਜਨਵਰੀ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸਿੰਚਾਰ ਹੋ ਰਹੇ ਹਨ। ਸਮੂਹ ਸੰਗਤਾਂ ਦਰਸ਼ਨ ਬਖਸ਼ਣ।

ਦਾਸਰੇ—ਅਵਤਾਰ ਸਿੰਘ ਸਰਬਜੀਤ ਸਿੰਘ
ਫੈਂਸੀ ਜਨਰਲ ਸਟੋਰ ਅਤੇ ਗੁਰਮੁਖ ਸਿੰਘ ਵਰਿੰਦਰ ਸਿੰਘ ਕਰਿਆਨਾ ਮਰਚੈਂਟਸ, ਪਾਰੋਵਾਲ

---



www.AKJ.Org